# ਅੰਮ੍ਰਿਤ ਕੀਰਤਨ

ਅੰਕ 1 ਸਾਲ ਚੌਥਾ ਜਨਵਰੀ 1992




ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅਕ 1 ਸਾਲ ਚੌਥਾ ਜਨਵਰੀ 1992

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਤ੍ਰਿਲੋਚਨ ਸਿੰਘ ਤਫ਼ਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ)
422 ਸੈਕਟਰ 15 ਏ
ਚੰਡੀਗੜ੍ਹ-160015
ਫੋਨ : 24660

ਚੰਦੇ ਦਾ ਵੇਰਵਾ
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਅਤੇ ਸੰਗੀਤ ਦਾ ਮਹੱਤਵ —ਡਾ. ਜਾਗੀਰ ਸਿੰਘ —4
2. ਗੁਰੂ ਨਾਨਕ ਅਨਮੋਲ ਬਚਨ
ਪ੍ਰੋ. ਹਰਿਭਜਨ ਸਿੰਘ 8
3. ਅਕਾਸ਼ਬਾਣੀ ਤੋਂ ਗੁਰਬਾਣੀ ਅਤੇ ਸ਼ਬਦ-ਕੀਰਤਨ ਪ੍ਰਸਾਰਨ ਸਮਾਂ —ਹਰਮੋਹਨ ਜੀਤ ਸਿੰਘ 10
4. ਜੀਵਨ ਸਾਜ਼
ਗਿਆਨੀ ਸੁਖਦੇਵ ਸਿੰਘ ਨਡਾਲੋਂ 11
5. Unique Fast of Sikhdevotional music —Renuka Sarab Jit Singh
6. ਗੁਰਮਤਿ ਸੰਗੀਤ ਸਮਾਚਾਰ 20
7. ਮਹਾਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ
ਪ੍ਰੋ. ਪਰਮਜੀਤ ਕੌਰ 25
8. ਆਸਾ ਦੀ ਵਾਰ ਦਾ ਲੜੀਵਾਰ ਵੀਚਾਰ
ਪ੍ਰੇਮ ਸਿੰਘ ਪ੍ਰੇਮ 28
9. ਸ਼ਬਦ ਸੁਰ ਲਿਪੀ ਰਾਗ ਤਿਲੰਗ
ਹਰਿਭਜਨ ਸਿੰਘ 30
10. ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਗੀਤ ਸਾਜ਼ ਤੇ ਤਾਲ ਵਾਦਨ ਸੰਬੰਧੀ ਨਾਮ ਵਰਨਣ
—ਤੀਰਥ ਸਿੰਘ 32
11. Sacred Duty
Bishan Swaroop Aggarwal Ropari
ਟਾਇਟਲ ਪੰਨਾ

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਦਾ ਮਹੱਤਵ

—ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

**3. ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦੇ ਸੰਬੰਧ ਦੀ ਚੇਤਨਾ**

ਅਸੀਂ ਪਹਿਲਾਂ ਵੇਖ ਚੁੱਕੇ ਹਾਂ ਕਿ ਗੁਰੂ ਕਾਵਿ ਜਿਸ ਪਿੱਠ-ਭੂਮੀ ਵਿੱਚ ਰਚਿਆ ਗਿਆ ਉਸ ਵਿਚ ਕਾਵਿ ਅਤੇ ਸੰਗੀਤ ਦੇ ਸੁਮੇਲ ਦੀ ਪਰੰਪਰਾ ਪ੍ਰਚਲਿਤ ਰਹੀ ਹੈ। ਗੁਰੂ ਕਾਵਿ ਜਿਹਨਾਂ ਕਵੀਆਂ ਦੀ ਰਚਨਾ ਹੈ ਉਹ ਕਵਿਤਾ ਅਤੇ ਸੰਗੀਤ ਦੇ ਗਿਆਤਾ ਸਨ ਅਤੇ ਇਹ ਜਿਸ ਸੰਸਥਾ ਨਾਲ ਸੰਬੰਧਤ ਹੈ ਉਸ ਵਿਚ ਸੰਗੀਤ-ਮਈ ਬਾਣੀ ਦਾ ਬੜਾ ਸਤਿਕਾਰ ਯੋਗ ਸਥਾਨ ਹੈ। ਇਸ ਲਈ ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦੇ ਸੁਮੇਲ ਦੀ ਚੇਤਨਾ ਦਾ ਹੋਣਾ ਕੁਦਰਤੀ ਵੀ ਹੈ ਅਤੇ ਲਾਜ਼ਮੀ ਵੀ।

ਗੁਰੂ ਕਾਵਿ ਵਿੱਚ ਕਵਿਤਾ ਨੂੰ ਬਾਣੀ ਕਿਹਾ ਗਿਆ ਹੈ। ਇਹ ਬਾਣੀ ਸਾਧਾਰਣ ਕਵਿਤਾ ਨਹੀਂ ਸਗੋਂ ਇਹ 'ਖਸਮ ਕੀ ਬਾਣੀ'[1] 'ਸਚ ਕੀ ਬਾਣੀ'[2] ਅਤੇ 'ਧੁਰ ਕੀ ਬਾਣੀ'[3] ਹੈ। ਬਾਣੀ ਦੇ ਵਿਚ ਹੀ ਇਹ ਸੁਝਾਉ ਦਿੱਤਾ ਗਿਆ ਹੈ ਕਿ ਇਸ ਨੂੰ ਸਾਧਾਰਣ ਕਵਿਤਾ ਵਾਂਗ ਨਹੀਂ ਪੜ੍ਹਨਾ, ਸਗੋਂ ਸੁਰ ਅਤੇ ਤਾਲ ਨਾਲ ਇਸ ਦਾ ਗਾਇਨ ਕਰਨਾ ਹੈ :

ੳ) ਆਵਹੁ ਸਿੱਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ।[4]

ਅ) ਗੁਰਬਾਣੀ ਗਾਵਹੁ ਭਾਈ ਓਹ ਸਫਲ ਸਦਾ ਸੁਖਦਾਈ।[5]

ੲ) ਹਰਿ ਦਿਨੁ ਰੈਣ ਕੀਰਤਨ[6] ਗਾਈਐ[7]।

ਸ) ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ।
ਨਾਨਕ ਕਹੈ ਸੁਨ ਰੇ ਮਨਾ
ਕਰਿ ਕੀਰਤਨ ਹੋਇ ਉਧਾਰੁ।[8]

ਹ) ਸਾਧੋ ਗੋਬਿੰਦ ਕੇ ਗੁਨ ਗਾਵਉ।[9]

ਕ) ਮਨ ਮਹਿ ਸੰਚਹੁ ਹਰਿ ਹਰਿ ਨਾਮ।
ਅਨਦਿਨ ਕੀਰਤਨੁ ਹਰਿ ਗੁਣ ਗਾਮ।[10]

ਗੁਰੂ ਬਾਣੀ ਵਿੱਚ ਗੁਰੂ ਕਵੀਆਂ ਨੇ ਜਿੱਥੇ ਸਰੋਤਿਆਂ ਨੂੰ ਬਾਣੀ ਦਾ ਗਾਇਨ ਕਰਨ ਦੀ ਪ੍ਰੇਰਨਾ ਦਿੱਤੀ ਹੈ ਉੱਥੇ ਪਰਮਾਤਮਾ ਕੋਲੋਂ ਮੰਗ ਵੀ ਗੁਣ ਗਾਉਣ ਦੀ ਹੀ ਮੰਗੀ ਹੈ :

ੳ) ਮਨ ਮਹਿ ਚਿਤਵਉ ਚਿਤਵਨੀ ਉਦਮ ਕਰਹੁ ਉਠ ਨੀਤ।
ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ।[11]

ਅ) ਪ੍ਰਭੂ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਓ ।[12]
ੲ) ਕਰਿ ਦਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ ।[13]

ਬਾਣੀ ਵਿੱਚ ਕੀਰਤਨ ਦੀ ਬੜੀ ਮਹਿਮਾ ਕੀਤੀ ਗਈ ਹੈ । ਕੀਰਤਨ ਸਾਰੇ ਯਗਾਂ, ਦਾਨਾਂ ਅਤੇ ਇਸਨਾਨਾਂ ਨਾਲੋਂ ਉੱਤਮ ਹੈ ।[14] ਬਾਣੀ ਨਾਲ ਸੰਗੀਤ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ, ਜਦੋਂ ਕਿਹਾ ਜਾਂਦਾ ਹੈ :

ੳ) ਕਲਿਜੁਗ ਮਹਿ ਕੀਰਤਨ ਪਰਧਾਨਾ
ਗੁਰਮੁਖ ਜਪੀਅਹਿ ਲਾਇ ਧਿਆਨਾ ।[15]
ਅ) ਕੀਰਤਨ ਨਿਰਮੋਲਕ ਹੀਰਾ । ਆਨੰਦ ਗੁਣੀ ਗਹੀਰਾ ।[16]
ੲ) ਗ੍ਰਿਹ ਤਾ ਕੈ ਬਸੰਤ ਗਨੀ ਜਾ ਕੈ ਕੀਰਤਨ ਹਰਿ ਧੁਨੀ ।[17]

ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਹੈ ਤਾਂ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਨਹੀਂ :

ੳ) ਭਲੋ ਭਲੋ ਰੇ ਕੀਰਤਨੀਆ
ਰਾਮ ਰਮਾ ਰਾਮਾ ਗੁਨ ਗਾਓ ।[18]
ਅ) ਜੋ ਤੁਮਰਾ ਜਸ ਗਾਵਹਿ ਕਰਤੇ
ਸੇ ਜਨ ਕਬਹੁੰ ਨ ਮਰਤੇ ਝੂਰ ।[19]
ੲ) ਕਹੁ ਨਾਨਕ ਸੋਈ ਨਰ ਸੁਖੀਆ ਰਾਮ ਨਾਮ ਗੁਨ ਗਾਵੇ ।[20]
ਸ) ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ।[21]

ਕੀਰਤਨ ਕਰਨ ਵਾਲੇ ਬਾਰੇ ਹੀ ਨਹੀਂ ਸਗੋਂ ਕੀਰਤਨ ਸੁਣਨ ਵਾਲੇ ਬਾਰੇ ਵੀ ਗੁਰਬਾਣੀ ਵਿੱਚ ਮਹੱਤਵ ਪੂਰਨ ਕਥਨ ਕੀਤੇ ਗਏ ਹਨ :

ੳ) ਤੇ ਸ੍ਰਵਣ ਭਲੇ ਸਭੋਨੀਕ ਹਰਿ ਮੇਰੀ ਜਿੰਦੜੀਏ
ਹਰਿ ਕੀਰਤਨ ਸੁਣਹਿ ਹਰਿ ਤੇਰੇ ਰਾਮ ।[22]
ਅ) ਗੁਰਦੁਆਰੇ ਹਰਿ ਕੀਰਤਨੁ ਸੁਣੀਐ ।
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ।
ੲ) ਕਲਿ ਕਲੇਸ ਮਿਟਾਏ ਸਤਿਗੁਰ ਹਰਿ ਦਰਗਾਹ ਦੇਵੇ ਮਾਨਾ ਹੇ ।[23]
ਸ) ਜੋ ਕਥੈ ਕੁਨੈ ਹਰਿ ਕੀਰਤਨ ਤਾ ਕੀ ਦੁਰਮਤਿ ਨਾਸ ।[24]

ਇਸ ਤਰ੍ਹਾਂ ਗੁਰਬਾਣੀ ਦੇ ਗਾਇਨ ਦੀ ਮਹੱਤਤਾ ਦੱਸਣ ਦੇ ਨਾਲ ਨਾਲ ਕੀਰਤਨ ਕਰਨ ਅਤੇ ਸੁਣਨ ਵਾਲੇ ਦੀ ਮਹਿਮਾ ਵੀ ਕੀਤੀ ਗਈ ਹੈ । ਪਰ ਇਸ ਦੇ ਨਾਲ ਹੀ ਗੁਰਬਾਣੀ ਦਾ ਗਾਇਨ ਕਿਵੇਂ ਕਰਨਾ ਹੈ, ਇਸ ਬਾਰੇ ਵੀ ਵਿਚਾਰ ਦਰਸਾਏ ਗਏ ਹਨ ।

ਗੁਰਬਾਣੀ ਨੂੰ ਗਾਇਨ ਕਰਨ ਲਈ ਰਾਗਾਂ ਦਾ ਨਿਰਦੇਸ਼ ਤਾਂ ਦਿੱਤਾ ਹੀ ਗਿਆ ਹੈ ਸਗੋਂ ਰਾਗਾਂ ਦੇ ਪ੍ਰਯੋਗ ਤੋਂ ਵੀ ਗੁਰੂ ਕਵੀ ਬੜੇ ਸੁਚੇਤ ਸਨ। ਇਸ ਵਿੱਚ ਰਾਗ ਦੇ ਪ੍ਰਯੋਗ ਕਰਨ ਤੋਂ ਉਹ ਭਾਵ ਬਿਲਕੁਲ ਨਹੀਂ ਲਿਆ ਜਾ ਸਕਦਾ, ਜਿਸ ਤਰ੍ਹਾਂ ਦਾ ਉਸ ਵੇਲੇ ਦੇ ਦਰਬਾਰੀ ਗਾਇਕ ਲੈਂਦੇ ਸਨ। ਦਰਬਾਰੀ ਗਾਇਕਾਂ ਦੇ ਰਾਗ ਕੇਵਲ ਸ਼ਿੰਗਾਰ ਰਸੀ ਭਾਵ ਪੈਦਾ ਕਰਕੇ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਦੇ ਸਨ, ਪਰ ਗੁਰਬਾਣੀ ਵਿੱਚ ਵੱਖ ਵੱਖ ਰਾਗਾਂ ਦੇ ਨਾਮ ਲੈ ਕੇ ਉਹਨਾਂ ਦੇ ਗਾਇਨ ਸੰਬੰਧੀ ਚਿਤਾਵਨੀ ਦਿੱਤੀ ਗਈ ਹੈ :

**ਸ੍ਰੀ ਰਾਗ ਬਾਰੇ :—**

ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰੁ।
ਸਦਾ ਹਰਿ ਸਚ ਮਨਿ ਵਸੈ ਨਿਹਚਲ ਮਤਿ ਅਪਾਰ।[25]

**ਗਉੜੀ ਰਾਗ ਬਾਰੇ :**

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।[26]

**ਗੂਜਰੀ ਰਾਗ ਬਾਰੇ :**

ਗੂਜਰੀ ਜਾਤਿ ਗਵਾਰ ਜਾ ਸਹੁ ਪਾਏ ਆਪਣਾ।
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਪਣਾ।[27]

**ਵਡਹੰਸ ਰਾਗ ਬਾਰੇ :**

ਸਬਦਿ ਰਤੈ ਵਡਹੰਸ ਹੈ, ਸਚੁ ਨਾਮ ਉਰਿ ਧਾਰਿ।
ਸਚੁ ਸੰਗ੍ਰਹਿ ਸਦਾ ਸਚਿ ਰਹਹਿ ਸਚੈ ਨਾਮਿ ਪਿਆਰਿ।[28]

**ਸੋਰਠ ਰਾਗ ਬਾਰੇ :**

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ।
ਨਾਨਕ ਰਾਗ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ।[29]

**ਧਨਾਸਰੀ ਰਾਗ ਬਾਰੇ :**

ਧਨਾਸਰੀ ਧਨਵੰਤੀ ਜਾਣੀਐ ਭਾਈ ਜਾ ਸਤਿਗੁਰ ਕੀ ਕਾਰ ਕਰਾਇ।
ਤਨ ਮਨ ਸਉਪੈ ਜੀਅ ਸਉ ਭਾਈ ਲਏ ਹੁਕਮਿ ਫਿਰਾਉ।[30]

**ਬਿਲਾਵਲ ਰਾਗ ਬਾਰੇ :**

ਹਰਿ ਉਤਮ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲ ਰਾਗ।
ਉਪਦੇਸ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ।[31]

**ਰਾਮਕਲੀ ਰਾਗ ਬਾਰੇ :**

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ।
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰ।[32]

**ਮਾਰੂ ਰਾਗ ਬਾਰੇ :**

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗ ਬੈਰਾਗੁ ।
ਜੀਤੈ ਪੰਚ ਬੈਰਾਈਆ, ਨਾਨਕ ਸਫਲ ਮਾਰੂ ਇਹੁ ਰਾਗ ।[33]

**ਕੇਦਾਰਾ ਰਾਗ ਬਾਰੇ :**

ਕੇਦਾਰਾ ਰਾਗਾਂ ਵਿਚਿ ਜਾਣੀਐ ਭਾਈ ਜੈ ਸਬਦੈ ਕਰੈ ਪਿਆਰੁ ।
ਸਤ ਸੰਗਤਿ ਸਿਉ ਮਿਲ ਦੋ ਰਹੈ ਸਚੈ ਧਰੈ ਪਿਆਰੁ ।[34]

ਸਮੁੱਚੇ ਰੂਪ ਵਿਚ ਬਾਣੀ ਵਿਚ ਰਾਗਾਂ ਵਿੱਚੋਂ ਉਹਨਾਂ ਰਾਗਾਂ ਨੂੰ ਭਲਾ ਕਿਹਾ ਗਿਆ ਹੈ ਜਿਸ ਨਾਲ ਬਾਣੀ ਦਾ ਭਾਵ ਹਿਰਦੇ ਵਿੱਚ ਵਸ ਜਾਵੇ ।[35] ਇਸੇ ਤਰ੍ਹਾਂ ਉਹ ਰਾਗ ਵੀ ਧੰਨ ਮੰਨੇ ਗਏ ਹਨ ਜਿਹਨਾਂ ਨਾਲ ਮਨੁੱਖ ਦੀ ਤ੍ਰਿਸ਼ਨਾ ਬੁੱਝ ਜਾਂਦੀ ਹੈ ।[36]

---

**ਫੁੱਟ ਨੋਟ ਤੇ ਹਵਾਲੇ :—**

1. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ।
   ਆਦਿ ਗ੍ਰੰਥ, ਪੰਨਾ 722
2. ਸਚ ਕੀ ਬਾਣੀ ਨਾਨਕ ਆਖੈ ਸਚ ਸੁਣਾਇਸੀ ਸਚ ਕੀ ਬੇਲਾ ।
   ਆਦਿ ਗ੍ਰੰਥ, ਪੰਨਾ 722
3. ਧੁਰ ਕੀ ਬਾਣੀ ਆਈ । ਤਿਨ ਸਗਲੀ ਚਿੰਤ ਮਿਟਾਈ ।
   ਆਦਿ ਗ੍ਰੰਥ, ਪੰਨਾ 628
4. ਆਦਿ ਗ੍ਰੰਥ, ਪੰਨਾ 920
5. ਉਹੀ ਪੰਨਾ 669
6. ਬਾਣੀ ਦਾ ਸੁਰ ਅਤੇ ਲੈ ਸਹਿਤ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ । ਕਾਹਨ ਸਿੰਘ, ਗੁਰਮਤ ਪ੍ਰਭਾਕਰ, ਪੰਨਾ 617
7. ਆਦਿ ਗ੍ਰੰਥ, ਪੰਨਾ 623
8. ਉਹੀ ਪੰਨਾ 214
9. ਉਹੀ ਪੰਨਾ 219
10. ਉਹੀ ਪੰਨਾ 807
11. ਉਹੀ ਪੰਨਾ 519
12. ਉਹੀ ਪੰਨਾ 1321
13. ਉਹੀ ਪੰਨਾ 436
14. ਅਸਮੇਧ ਜਗਨੇ । ਤੁਲਾ ਪੁਰਖ ਦਾਨੇ । ਪ੍ਰਾਗ ਅਸਨਾਨੇ । ਤਉਨ ਪੁਜਹਿ ਹਰਿ ਕੀਰਤਨ ਨਾਮ । ਆਦਿ ਗ੍ਰੰਥ, ਪੰਨਾ 873
15. ਉਹੀ ਪੰਨਾ 1075

16. ਉਹੀ ਪੰਨਾ 893
17. ਉਹੀ ਪੰਨਾ 1180
18. ਉਹੀ ਪੰਨਾ 885
19. ਉਹੀ ਪੰਨਾ 716
20. ਉਹੀ ਪੰਨਾ 831
21. ਉਹੀ ਪੰਨਾ 540
22. ਉਹੀ ਪੰਨਾ 540
23. ਉਹੀ ਪੰਨਾ 1075
24. ਉਹੀ ਪੰਨਾ 1300
25 ਉਹੀ ਪੰਨਾ 83
26. ਉਹੀ ਪੰਨਾ 311
27. ਉਹੀ ਪੰਨਾ 516
28. ਉਹੀ ਪੰਨਾ 585
29. ਉਹੀ ਪੰਨਾ 1425
30. ਉਹੀ ਪੰਨਾ 1419
31. ਉਹੀ ਖੰਨਾ 849
32. ਉਹੀ ਪੰਨਾ 950
33. ਉਹੀ ਪੰਨਾ 1425
34. ਉਹੀ ਪੰਨਾ 1087
35. ਸਭਨਾ ਰਾਗਾਂ ਵਿਚ ਸੋ ਭਲਾ ਭਾਈ ਜਿਤ ਵਸਿਆ ਮਨਿ ਆਇ । ਆਦਿ ਗ੍ਰੰਥ ਪੰਨਾ 1423
36. ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ । 958 (ਚਲਦਾ)

# ਗੁਰੂ ਨਾਨਕ ਅਨਮੋਲ ਬਚਨ

ਪ੍ਰਿੰਸੀਪਲ ਹਰਭਜਨ ਸਿੰਘ

ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥
ਅਨਤ ਕਉ ਚਾਹਨ ਜੋ ਗਏ ਸੋ ਆਏ ਅਨਤ ਗਵਾਇ ॥
अनता धन धरणी धरे अनत न चाहिआ जाइ ॥
अनत कउ चाहन जो गए से आए अनत गवाइ ॥

Man buries the perishable wealth in the earth but desires not the endless Lord. They, who have craving for the perishable riches, lose the boundless Lord.

2. ਐਸੋ ਦਾਸੁ ਮਿਲੈ ਸੁਖੁ ਹੋਈ ॥
ਦੁਖੁ ਵਿਸਰੈ ਪਾਵੈ ਸਚੁ ਸੋਈ ॥
ऐसो दासु मिलै सुखु होई ॥
दुख विसरै पावै सचु सोई ॥

By meeting such a slave of the True Lord, who has obtained Him, peace is procured and pain is forgotten.

3. ਆਤਮੁ ਚੀਨੈ ਸੁ ਤਤੁ ਬਿਚਾਰੇ ॥
आतमु चीनै सु ततु बीचारे ॥

He who comprehends his own self, comes to know the reality about the ways of God.

4. ਐਸਾ ਗਰਬੁ ਬੁਰਾ ਸੰਸਾਰੈ ॥
ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥
ऐसा गरबु बुरा संसारै ॥
जिस गुरु मिलै तिसु गरबु निवारै ॥

So heinous is the pride in the world The Guru effaces the ego of the man who completely dedicates himself unto him.

5. ਆਖਾ ਜੀਵਾ ਵਿਸਰੈ ਮਰਿ ਜਾਉ ॥
ਆਖਿਣ ਅਉਖਾ ਸਾਚਾ ਨਾਉ ॥
आखा जीवा विसरै मरि जाउ ॥
आखणि अउखा साचा नाउ ।

By repeating Thy Name I live. By forgetting it, I die. But difficult of utterance is the True Name.

6. ਅਧਿਕ ਤਿਆਸ ਭੇਖ ਬਹੁ ਕਰੈ ॥
अधिक तिआस भेख बहु करै ॥

Exessive thirst of mammon, makes one adopt many a religious garb.

7. ਐਥੈ ਓਥੈ ਨਿਬਹੀ ਨਾਲਿ ॥
ਵਿਨੁ ਨਾਵੈ ਹੋਰਿ ਕਰਮ ਨ ਭਾਲਿ ॥
ऐथै ओथै निबही नालि ॥
विणु नावै होर करम न भालि ॥

The Name alone shall stand by thee here and hereafter. So, search for no other deeds but the Name. ✶

# ਅਕਾਸ਼ਬਾਣੀ ਤੋਂ ਗੁਰਬਾਣੀ ਤੇ ਸ਼ਬਦ ਕੀਰਤਨ ਪ੍ਰਸਾਰਣ ਹੋਣ ਦੇ ਸਮੇਂ

| ਅਕਾਸ਼ਬਾਣੀ ਜਲੰਧਰ ਰੋਜ਼ਾਨਾ ਪ੍ਰੋਗਰਾਮ | ਸਵੇਰੇ | ਸ਼ਾਮ |
| --- | --- | --- |
| 1. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸਿਧਾ ਪ੍ਰਸਾਰਣ | 4-30 ਤੋਂ 6-00 | 5-00 ਤੋਂ 5-30 |
| 2, ਗੁਰਬਾਣੀ ਵਿਚਾਰ | ——— | 5-30 ਤੋਂ 6-00 |
| 3. ਅਰਾਧਨਾ ਪ੍ਰੋਗਰਾਮ | 6-05 ਤੋਂ 6-20 | |
| 4. ਅੰਮ੍ਰਿਤ ਬੋਧ | 7-05 ਤੋਂ 7-15 | |
| **ਹਰ ਐਤਵਾਰ ਸ਼ਬਦ (ਨਿਰਧਾਰਿਤ ਰਾਗਾਂ ਵਿਚ)** | | |
| (ਸਵਾਏ ਮਹੀਨਾ ਨਵੰਬਰ) | | 10-00 ਤੋਂ 10-30 |
| ਹਰ ਮੰਗਲਵਾਰ | 7-15 ਤੋਂ 7-30 | |
| ਹਰ ਵੁੱਧਵਾਰ | 7-15 ਤੋਂ 7-30 | 7-45 ਤੋਂ 8-00 ਜਾਂ 8-30 ਤੋਂ 8-45 |

**ਜਨਮ ਦਿਨ ਗੁਰਪੁਰਬਾਂ ਦੇ ਪ੍ਰੋਗਰਾਮ**

| | |
| --- | --- |
| 1. ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਅੰਮ੍ਰਿਤਸਰ | 7-05 ਤੋਂ 8-00 |
| ਸ੍ਰੀ ਨਨਕਾਣਾ ਸਾਹਿਬ | 10-05 ਤੋਂ 11-00 |
| 2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅੰਮ੍ਰਿਤਸਰ | 7-05 ਤੋਂ 8-00 |
| ਸ੍ਰੀ ਪਟਨਾ ਸਾਹਿਬ | 9-15 ਤੋਂ 9-45 |
| 3. ਸ੍ਰੀ ਹਰਗੋਬਿੰਦ ਸਿੰਘ ਜੀ ਮੰਜੀ ਸਾਹਿਬ ਅੰਬਾਲਾ | 7-05 ਤੋਂ 8-00 |

**ਸ਼ਹੀਦੀ ਗੁਰਪੁਰਬਾਂ ਦੇ ਪ੍ਰੋਗਰਾਮ**

| | | |
| --- | --- | --- |
| 1. ਸ੍ਰੀ ਗੁਰੂ ਅ ਜਨ ਦੇਵ ਜੀ ਸ੍ਰੀ ਤਰਨਤਾਰਨ ਸਾਹਿਬ | 7-05 ਤੋਂ 8-00 | |
| 2. ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਦੁੱਖ-ਨਿਵਾਰਣ ਸਾਹਿਬ ਪਟਿਆਲਾ | | 9-30 ਤੋਂ 10-30 |
| **ਪ੍ਰੋਗਰਾਮਾਂ ਦੇ ਵੇਰਵੇ** | 6-50 ਤੋਂ 6-55 | 6-00 ਤੋਂ 6-05 |
| ਸ਼ਿਮਲਾ ਰੇਡੀਓ ਸ਼ਟੇਸ਼ਨ ਹਰ ਸੋਮਵਾਰ | 8-30 ਤੋਂ 8-45 | |
| ਦਿੱਲੀ-ਬੀ ਹਰ ਵੀਰਵਾਰ | 7-40 ਤੋਂ 8-10 | |

ਆਲ ਇੰਡੀਆ ਰੇਡੀਓ ਹਰ ਰੋਜ਼ ਸ਼ਿਵਾਏ ਸ਼ੁਕਰਵਾਰ 6-00 ਤੋਂ 6-15 ਦੇ ਵਿਚਕਾਰ

**ਜਲੰਧਰ, ਅੰਮ੍ਰਿਤਸਰ ਟੀ.ਵੀ. ਦੇ ਪ੍ਰੋਗਰਾਮ**

| | | |
| --- | --- | --- |
| ਹਰ ਸੋਮਵਾਰ, ਬੁੱਧਵਾਰ | | 5-00 ਤੋਂ 5-15 |
| ਹਰ ਮੰਗਲਵਾਰ | | 7-50 ਤੋਂ 8-05 |
| ਹਰ ਐਤਵਾਰ | 8-05 ਤੋਂ 8-15 | |
| ਦਿੱਲੀ ਟੀ.ਵੀ. ਦੇ ਪ੍ਰੋਗਰਾਮ ਹਰ ਐਤਵਾਰ | 8-05 ਤੋਂ 8-15 | |

ਸ਼ੁਭ ਕਾਮਨਾਵਾਂ ਸਹਿਤ :— ਹਰਮੋਹਨ ਜੀਤ ਸਿੰਘ,
ਮਾਰਫਤ/ਕੋਠੀ ਨੰ:-632, ਫੇਜ਼ 4 ਮੋਹਾਲੀ

# ਜੀਵਨ ਸਾਜ਼

ਗਿ: ਸੁਖਦੇਵ ਸਿੰਘ ਨਡਾਲੋਂ

ਮਨੁੱਖ ਪਰਮਾਤਮਾਂ ਦੀ ਅਦਭੁੱਤ ਰਚਨਾ ਹੈ। ਇਹ ਪਰਮਾਤਮਾਂ ਵੱਲੋਂ ਸਿਰ-ਜਿਆ ਗਿਆ ਇਕ ਸਰਵੋਤਮ ਸਾਜ਼ ਹੈ, ਜਿਸ ਨੂੰ ਪਰਮਾਤਮਾ ਨੇ ਸੁਰ ਕਰਕੇ ਸੰਸਾਰ ਵਿਚ ਭੇਜਿਆ ਹੈ। ਅਫਸੋਸ ! ਇਸ ਸਾਜ਼ ਦਾ ਵਿਸ਼ੇਸ਼ਲੱਛਣ ਇਹ ਹੈ ਕਿ ਇਹ ਸਮੇਂ ਦੀ ਤਬਦੀਲੀ ਨਾਲ ਬਹੁਤ ਜਲਦੀ ਬੇਸੁਰਾ ਹੋ ਜਾਂਦਾ ਹੈ। ਇਸ ਸਾਜ਼ ਦੀਆਂ ਪੰਜ ਤਾਰਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਬੇਸੁਰੀਆਂ ਹੀ ਹੋਈਆ ਰਹਿੰਦੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪਰਮਾਤਮਾ ਨੇ ਸਸਾਰ ਦੀ ਹਰੇਕ ਚੀਜ਼ ਨੂੰ ਨਿਯਮ ਅਨੁਸਾਰ ਬੰਨਿਆ ਹੋਇਆ ਹੈ। ਉਸ ਦੇ ਅਨੁਸ਼ਾਸਨ ਤੋਂ ਬਾਹਰ ਕੋਈ ਵੀ ਚੀਜ਼ ਜਾ ਨਹੀਂ ਸਕਦੀ। ਜਾਂ ਇਉਂ ਕਹਿ ਲਓ ਕਿ ਪਰਮਾਤਮਾ ਨੇ ਸੰਸਾਰ ਦੇ ਕਣ ਕਣ ਵਿਚ ਸੰਗੀਤ ਭਰਿਆ ਹੋਇਆ ਹੈ। ਸੰਗੀਤ ਕੀ ਹੈ ? –ਅਨੁਸ਼ਾਸਨ-ਬੱਧ ਧੁਨੀਆਂ ਨੂੰ ਸੰਗੀਤ ਕਿਹਾ ਜਾਂਦਾ ਹੈ। ਜੇ ਅਨੁਸ਼ਾਸਨ ਨਹੀਂ ਤਾਂ ਸ਼ੋਰ ਹੈ ਸੰਗੀਤ ਨਹੀਂ। ਸੰਗੀਤ ਅਤੇ ਅਨੁਸ਼ਾਸਨ ਵੱਖ-ਵੱਖ ਹੋ ਹੀ ਨਹੀਂ ਸਕਦੇ। ਜਦ ਸੈਨਾ ਪਰੇਡ ਕਰਦੀ ਹੈ ਤਾਂ ਸੰਗੀਤ ਪੈਦਾ ਹੁੰਦਾ ਹੈ। ਫੌਜ ਦਾ ਕੰਮ ਸੰਗੀਤ ਪੇਸ਼ ਕਰਨਾ ਨਹੀਂ। ਇਹ ਤਾਂ ਆਪੇ ਪੈਦਾ ਹੋ ਜਾਂਦਾ ਹੈ, ਜਿੱਥੇ ਤਾਲਮੇਲ ਹੈ। ਬ੍ਰਮਿੰਡੀ ਗਤੀਆਂ ਦਾ ਅਨੁਸ਼ਾਸਨ ਅਨਹਦ ਨਾਦ ਹੈ। ਵੱਡੀ ਉੱਚੀ ਸੁਰਤ ਵਾਲੇ ਬੰਦੇ ਇਹ ਸੰਗੀਤ ਸੁਣਦੇ ਹਨ। ਮੇਲ ਸੰਗੀਤ ਹੈ। ਮੇਲ ਭਾਵੇਂ ਸੁਰਾਂ ਦਾ ਹੋਵੇ ਭਾਵੇਂ ਗ੍ਰਹਿਆਂ ਦਾ, ਭਾਵੇਂ ਵਿਚਾਰਾਂ ਦਾ ਹੋਵੇ ਜਾਂ ਸੁਰਤਾਂ ਦਾ, ਹਰ ਮੇਲ ਸੰਗੀਤ ਵਰਗਾ ਹੈ। 'ਜਪੁ' ਬਾਣੀ ਵਿਚਲੀਆਂ "ਗਾਵਹਿ ਤੁਹਨੋ......।" ਪੰਕਤੀਆਂ ਦਾ ਪਾਠ ਬ੍ਰਹਿਮੰਡੀ ਸੰਗੀਤ ਦਾ ਬੋਧ ਕਰਾਉਂਦਾ ਹੈ।

ਇਸ ਤਰ੍ਹਾਂ ਜਦੋਂ ਮਨੁੱਖ ਰੂਪੀ ਸਾਜ਼ ਦੀਆਂ ਪੰਜ ਤਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਅਨੁਸ਼ਾਸਨ ਹੀਣ ਹੁੰਦੀਆਂ ਹਨ ਤਾਂ ਬੇਸੁਰੀਆਂ ਹੋ ਜਾਂਦੀਆਂ ਹਨ। ਗੁਰੂ ਸਾਹਿਬਾਨਾਂ ਨੇ ਇਹਨਾਂ ਪੰਜਾਂ ਤਾਰਾਂ ਨੂੰ ਜੀਵਨ ਰੂਪੀ ਸਾਜ਼ 'ਚੋਂ ਬਾਹਰ ਕੱਢਣ ਲਈ ਨਹੀਂ ਸਗੋਂ ਇਹਨਾਂ ਨੂੰ ਸੁਰ ਕਰਨ ਲਈ ਪ੍ਰੇਰਿਆ "ਕਾਮ ਜਦ ਸੁਰ ਵਿਚ ਹੁੰਦਾ ਹੈ ਤਾਂ ਸ਼ਰਮ ਹਯਾ ਦਾ ਚਲਾ ਪਹਿਨ ਸੀਮਾ ਦੇ ਅੰਦਰ ਰਹਿੰਦਾ ਹੈ। ਕ੍ਰੋਧ ਬੀਰ ਰਸ ਬਣ ਜਾਂਦਾ ਹੈ। ਮੋਹ ਪ੍ਰੇਮ ਤੇ ਲੋਭ ਸੰਤੋਖ ਦੀ ਸ਼ਕਲ ਧਾਰਨ ਕਰ ਲੈਂਦਾ ਹੈ। ਹੰਕਾਰ ਅਣਖ-ਸਵੈਮਾਣ ਦਾ ਰੂਪ ਬਣ ਜਾਂਦਾ ਹੈ। ਇਸ ਤਰ੍ਹਾਂ ਇਹ ਬੇਸੁਰੇ ਤਾਰ ਜਦ ਸੁਰ ਵਿਚ ਹੋ ਕੇ ਰੱਬੀ ਜੱਸ ਗਾਉਂਦੇ ਹਨ ਤਾਂ ਇਕ ਅਜੀਬ ਅਨੰਦ ਦੀ ਵਰਖਾ ਹੁੰਦੀ ਹੈ, ਜਿਸ ਨਾਲ ਸਰੀਰ ਦਾ ਰੋਮ ਰੋਮ ਖੇੜੇ ਵਿਚ ਆ ਜਾਂਦਾ ਹੈ।[1]

ਪੰਚ ਬਾਜਿਤ੍ਰ ਕਰੈ ਸੰਤੋਖਾ ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥
(ਰਾਮਕਲੀ ਮਹਲਾ 4 ਪੰਨਾ 884)

ਆਮ ਸਾਜ਼ਾਂ ਨੂੰ ਸੁਰ ਕਰਨਾ ਤਾਂ ਕੁਝ ਘੰਟਿਆਂ ਦੀ ਗੱਲ ਹੈ ਪਰ ਜੀਵਨ ਰੂਪੀ ਸਾਜ਼ਾਂ ਨੂੰ ਸੁਰ ਕਰਨਾ ਬਹੁਤ ਕਠਨ ਹੈ। ਇਸ ਕਠਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਨਾਲ ਲੈ ਕੇ ਜਗਤ ਫੇਰੀ ਲਾਈ।

ਸੰਗੀਤ ਨੂੰ ਜਗਤ ਬਾਬੇ ਨੇ ਆਮ ਜਨਤਾ ਅੱਗੇ ਪ੍ਰਤੀਕਾਤਮਕ ਤੌਰ ਤੇ ਵੀ ਰੱਖਿਆ। ਸੰਗੀਤ ਜਿਥੇ ਸਾਡੀ ਆਤਮਾ ਦੀ ਖੁਰਾਕ ਤੇ ਆਤਮਕ ਖੇੜੇ ਦਾ ਸਾਧਨ ਹੈ, ਉਥੇ ਜੇਕਰ ਜਰਾ ਡੂੰਘਾਈ ਵਿਚ ਸੋਚੀਏ ਤਾਂ ਇਹ ਸਾਨੂੰ ਇਕ ਸੁਚੱਜੀ ਜੀਵਨ ਜਾਂਚ ਦੀ ਪ੍ਰੇਰਨਾ ਵੀ ਦਿੰਦਾ ਹੈ। ਜਿਹੜਾ ਸੰਗੀਤ ਜੀਵਨ ਵਿਚ ਤਬਦੀਲੀ ਨਹੀਂ ਲਿਆਉਂਦਾ ਉਹ ਮਨੋਰੰਜਨ ਤੱਕ ਹੀ ਸੀਮਤ ਹੈ। ਜਦੋਂ ਜੀਵਨ ਵਿਚ ਇਕ ਸੁਰਤਾ ਤੇ ਲੈਅ ਹੋਵੇਗੀ ਉਸ ਵੇਲੇ ਸੰਗੀਤ ਦਾ ਪੱਲਾ ਫੜਿਆ ਸਾਰਥਕ ਹੋਵੇਗਾ, ਕਿਉਂਕਿ ਜੀਵਨ ਵਿਚ ਇਕ ਸੁਰਤਾ ਹੀ ਮੰਜਲ ਤੱਕ ਪਹੁੰਚਾਉਣ ਦਾ ਸਾਧਨ ਹੈ। ਇਸ ਕਰਕੇ ਹੀ ਗੁਰੂ ਜੀ ਨੇ ਬੇਸੁਰੇ ਹੋਏ ਜੀਵਨਾਂ ਨੂੰ ਸੁਰ ਕਰਨ ਲਈ ਨੈਤਿਕਤਾ ਦਾ ਸੰਦੇਸ਼ ਸੰਗੀਤ ਦੇ ਵਿਚ ਲਪੇਟ ਕੇ ਦਿੱਤਾ ਜਿਹੜਾ ਪੱਥਰ ਦਿਲ ਇਨਸਾਨਾਂ ਨੂੰ ਮੋਮ ਬਣਾ ਗਿਆ।

## ਜੀਵਨ ਰੂਪੀ ਸਾਜ਼ ਤੇ ਪ੍ਰਭੂ ਕੀਰਤੀ

ਕਹਿੰਦੇ ਹਨ ਜਦੋਂ ਪਰਮਾਤਮਾ ਨੇ ਮਨੁੱਖ ਦੀ ਸਿਰਜਣਾ ਕੀਤੀ ਤਾਂ ਉਸ ਵੇਲੇ ਰੂਹ ਟਿਕ ਨਹੀਂ ਰਹੀ ਸੀ, ਤਦ ਪਰਮਾਤਮਾ ਨੇ ਰੂਹ ਨੂੰ ਸਗੀਤ ਵਿਚ ਲਪੇਟ ਕੇ ਮਨੁੱਖੀ ਸਰੀਰ ਵਿਚ ਟਿਕਾਇਆ। ਸ਼ਾਇਦ ਇਹੀ ਕਾਰਨ ਹੈ ਕਿ ਮਨੁੱਖ ਸੰਗੀਤ ਨੂੰ ਬਾਕੀ ਕਲਾਵਾਂ ਨਾਲੋਂ ਜਲਦੀ ਸਮਝਦਾ ਹੈ। ਜੋ ਸੰਗੀਤ ਕਲਾ ਦਾ ਪ੍ਰਭਾਵ ਨਹੀਂ ਕਬੂਲਦਾ ਉਸ ਬਾਰੇ ਕਵੀ ਸ਼ੈਕਸਪੀਅਰ ਦਾ ਵਿਸ਼ੇਸ਼ ਕਥਨ ਹੈ।

"The man that has no music in himself,
Nor is not mov'd with the concord of sweet sounds,
It fit for Treasons stratagems and spoils
The motions of his spirits are dull as night,
And his affections dark as Erebus,
Let no such man be trusted.[2]

ਭਾਵ– ਜਿਸ ਮਨੁੱਖ ਵਿਚ ਗਾਇਨ ਦੀ ਰੁਚੀ ਬਿਲਕੁਲ ਨਹੀਂ ਹੁੰਦੀ ਤੇ ਜੋ ਉਸ ਦੇ ਸੁਰਾਂ ਤੇ ਮੋਹਿਤ ਨਹੀਂ ਹੁੰਦਾ ਉਹ ਪਿਤਤ ਵਿਸ਼ਵਾਸਘਾਤੀ ਅਤੇ

ਆਤਮ-ਧਰੋਹੀ ਹੈ, ਉਸ ਦਾ ਹਿਰਦਾ ਅੰਧੇਰੀ ਰਾਤ ਤੋਂ ਵੀ ਵਧੇਰੇ ਭਿਆਨਕ ਹੈ।''

ਗੁਰੂ ਨਾਨਕ ਦੇਵ ਜੀ ਨੇ ਇਸ ਸੰਗੀਤ ਦੇ ਸੁਹਾਵਣੇ ਭਾਂਡੇ 'ਰਾਗ' ਵਿਚ ਗੁਰਬਾਣੀ ਪਾ ਕੇ ਜਨਤਾ ਅੱਗੇ ਬੜੇ ਵਿਨੋਦਮਈ ਢੰਗ ਨਾਲ ਪੇਸ਼ ਕੀਤੀ, ਜਿਸ ਦਾ ਪ੍ਰਭਾਵ ਮਨੁੱਖ ਨੇ ਤਾਂ ਕਬੂਲਣਾ ਹੀ ਸੀ ਸਗੋਂ ਪਸ਼ੂ-ਪੰਛੀ ਸਭ ਕਾਇਨਾਤ ਨੇ ਕਬੂਲਿਆ। ਇਤਿਹਾਸ ਗਵਾਹ ਹੈ ਕਿ ਜਦੋਂ ਭਾਈ ਫਿਰੰਦੇ ਦੁਆਰਾ ਗੁਰੂ ਜੀ ਦੀ ਸੇਵਾ ਵਿਚ ਪੇਸ਼ ਕੀਤੀ ਰਬਾਬ ਭਾਈ ਮਰਦਾਨੇ ਨੇ ਵਜਾਈ ਤਾਂ ਗੁਰੂ ਸਾਹਿਬ ਦੀ ਕਈ ਘੰਟਿਆਂ ਤਕ ਸਮਾਧੀ ਲੱਗੀ ਰਹੀ ਉਸ ਸਮੇਂ ਦੇ ਕੁਦਰਤੀ ਵਾਤਾਵਰਨ ਬਾਰੇ ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼' ਵਿਚ ਲਿਖਿਆ ਹੈ ਕਿ ''ਜੜ੍ਹ ਚੀਜ਼ਾਂ ਚੇਤਨ ਅਤੇ ਚੇਤਨ ਜੜ੍ਹ ਹੋ ਗਈਆਂ। ਜੜ੍ਹ ਹੋਣ ਤੋਂ ਆਪ ਜੀ ਦਾ ਮਤਲਬ ਹੈ ਕਿ ਜੰਗਲ ਦੇ ਪਸ਼ੂ ਪੰਛੀ ਆਦਿਕ ਜਿਥੇ ਜਿਥੇ ਬੈਠੇ ਜਾਂ ਤੁਰ-ਫਿਰ ਰਹੇ ਸਨ ਉਹ ਉਥੇ ਹੀ ਬੁੱਤ ਹੋ ਕੇ ਖਲੋ ਗਏ ਅਤੇ ਰਾਗ ਦੀ ਮਸਤੀ ਵਿਚ ਆਪਣਾ ਆਪ ਭੁੱਲ ਗਏ। ਮਸਤੀ ਦੀ ਵਜ਼ਦ ਦੀ ਹਾਲਤ ਵਿਚ ਆ ਕੇ ਬ੍ਰਿਛਾਂ-ਬੂਟਿਆਂ ਵਿਚੋਂ ਰਸ ਚੋਣਾਂ ਸ਼ੁਰੂ ਹੋ ਗਿਆ। ਹੋਰ ਤੇ ਹੋਰ ਚਲਦੀ ਹੋਈ ਹਵਾ ਵੀ ਸੰਗੀਤ ਰਸ ਮਾਨਣ ਲਈ ਕੁਝ ਚਿਰ ਲਈ ਬਿਲਕੁਲ ਸਾਕਨ ਹੋ ਗਈ।''[3]

ਇਤਨੀ ਵਧੀਆ ਚੀਜ਼ ਜਿਹੜੀ ਕਿ ਮਧ-ਕਾਲੀਨ ਯੁੱਗ ਵਿਚ ਕੋਠੇ ਦੀ ਚੀਜ਼ ਜਾਂ ਦਰਬਾਰੀ ਮਨੋਰੰਜਨ ਬਣ ਕੇ ਰਹਿ ਗਈ ਸੀ, ਜਿਸ ਨੂੰ ਦੁਨੀਆਂ ਦਾ ਫਿਲਾਸਫ਼ਰ ਕਾਰਲਾਇਲ ਦੇਵਤਿਆਂ ਦੀ ਬੋਲੀ ਆਖਦਾ ਹੈ, ਉਹ ਬੋਲੀ ਸਰੀਰਕ ਭੁੱਖ ਦੇ ਮਕੜੀ ਜਾਲ ਵਿਚ ਫਸੀ ਹੋਈ ਸੀ। ਉਦਾਹਰਣ ਵਜੋਂ ਸਵੇਰ ਦੀ ਪ੍ਰਾਰਥਨਾ ਰਾਮਕਲੀ ਰਾਗ ਵਿਚ ਇਸ ਤਰ੍ਹਾਂ ਕੀਤੀ ਗਈ ਹੈ :—

ਆਜ ਰਾਧੇ ਤੋਰੇ ਬਦਨ ਪਰ ਸ਼ਿਯਾਮ ਮਿਲੇ ਕੀ ਚੋਰੀ ॥
ਅੰਜਨ ਅਧਰ ਨੈਨ ਮਤਵਾਰੇ ਝੁਕਝੂਮਤ ਮੇਰੀ ਜਾਨ ਆਜ ਤੂੰ ਬੇਰੀ ॥
(ਰਾਗ ਰਾਮਕਲੀ)[4]

'ਗੀਤ ਗੋਬਿੰਦ' ਵਿਚ ਵੀ ਇਸ ਤਰ੍ਹਾਂ ਦੇ ਵਿਚਾਰ ਰਾਮਕਲੀ ਰਾਗ ਅਧੀਨ ਪ੍ਰਗਟ ਕੀਤੇ ਹਨ :—

श्लिष्यति कामपि चुम्बति कामपि कामपि रमयति रामाम् ।
पश्यति सस्मित चारुपराम परामन् गच्छति वामम् ॥[5]

ਅਰਥਾਤ—ਹੇ ਸਖੀ ਸ੍ਰੀ ਕ੍ਰਿਸ਼ਨ ਕਿਸੇ ਗੋਪੀ ਦਾ ਅਲਿੰਗਨ ਕਰਦੇ ਹਨ ਕਿਸੇ ਦਾ ਚੁੰਮਣ ਕਰਦੇ ਹਨ, ਕਿਸੇ ਦੇ ਸਾਥ ਬਿਹਾਰ ਕਰਦੇ ਹਨ ਕਿਸੇ ਨੂੰ ਮੁਸਕਰਾਹਟ ਪੂਰਨ ਦੇਖਦੇ ਅਤੇ ਕਿਸੇ ਪਿੱਛੇ ਅਨੁਸਰਣ ਕਰਦੇ ਹਨ।''

ਮਧਕਾਲੀਨ ਸੰਗੀਤਕਾਰ ਸੰਗੀਤ ਨੂੰ ਅਧਿਆਤਮਕਤਾ ਨਾਲੋਂ ਤੋੜ ਕੇ ਕਾਮਕ ਰੁਚੀਆਂ ਵੱਲ ਲਿਜਾ ਰਹੇ ਸਨ। ਕੋਈ ਉਸਾਰੂ ਸੰਗੀਤ ਨਹੀਂ ਸੀ **Alain**

**Denielou** ਨੇ ਆਪਣੀ ਕਿਤਾਬ "Northern Indian Music" ਵਿਚ 'ਰਾਗ ਸਾਗਰ' ਅਤੇ ਰਾਗ 'ਕਲਪ ਦੁਰਗਾ' ਵਿਚੋਂ ਉਦਾਹਰਨਾਂ ਦਿੰਦਿਆਂ ਲਿਖਿਆ ਹੈ ਕਿ "ਮਧਕਾਲੀਨ ਸੰਗੀਤਕਾਰਾਂ ਨੇ ਬਸੰਤ ਅਤੇ ਹਿੰਡੋਲ ਦੋਹਾਂ ਦੇ ਲੱਛਣ ਦਰਸਾਉਣ ਸਮੇਂ ਉਹਨਾਂ ਨੂੰ ਸੁੰਦਰ ਯੁਵਤੀਆਂ ਨਾਲ ਘਿਰੇ ਹੋਏ ਵਿਖਾਇਆ ਹੈ। ਸੁੰਦਰ ਯੁਵਤੀਆਂ ਦੇ ਭਾਰੇ ਲੱਕ ਕਿਸੇ ਸਰੀਰਕ ਭੁੱਖ ਵੱਲ ਸੰਕੇਤ ਕਰਦੇ ਹਨ।" ਪਰ ਗੁਰੂ ਅਮਰਦਾਸ ਜੀ ਦੇ ਬਸੰਤ ਜਾਂ ਬਸੰਤ ਹਿੰਡੋਲ ਰਾਗ ਵਿਚਲੇ ਨਾਇਕ ਜਾਂ ਨਾਇਕਾ ਦੋਵੇਂ ਹੱਡ ਚੰਮ ਦੀ ਸਤਹ ਤੋਂ ਉਚੇ ਸਹਿਜ ਪਿਆਰ ਦੇ ਲੋਚਕ ਹਨ। ਹੱਡ ਚੰਮ ਦੀ ਖੁਸ਼ੀ ਛਿਨ ਭੰਗਰੀ ਹੈ। ਇਹ ਝੱਟ-ਖਿੜਕੇ ਪੱਟ ਕੁਮਲਾ ਜਾਂਦੀ ਹੈ। ਪਰ ਸਹਿਜ ਅਨੰਦ ਦਾ ਆਤਮਕ ਖੇੜਾ ਸਦੀਵੀ ਰੰਗ ਵਿਚ ਰੰਗਿਆ ਹੋਇਆ ਹੈ। ਅਜਿਹਾ ਖੇੜਾ ਬਸੰਤ ਦੁਆਰਾ ਹਰਿ-ਗੁਣ ਗਾਉਣ ਨਾਲ ਪ੍ਰਾਪਤ ਹੁੰਦਾ ਹੈ[6]

ਤਿਨ ਬਸੰਤ ਜੋ ਹਰਿ ਗੁਣ ਗਾਇ।
ਪੂਰੇ ਭਾਗਿ ਹਰਿ ਭਗਤਿ ਕਰਾਇ।

(ਬਸੰਤ ਮਹਲਾ 3 ਪੰਨਾ 1176)

ਮੇਰਾ ਪ੍ਰਭ ਮਉਲਿਆ ਸਦ ਬਸੰਤੁ ॥
ਇਹ ਮਨੁ ਮਉਲਿਆ ਗਾਇ ਗੁਣ ਗੋਬਿੰਦ।

(ਬਸੰਤ ਮਹਲਾ 3-ਪੰਨਾ 1173)

ਗੁਰੂ ਸਾਹਿਬਾਨਾਂ ਨੇ ਸੰਗੀਤ ਰੂਪੀ ਭਾਂਡੇ ਵਿਚ ਅੰਮ੍ਰਿਤ ਰੂਪੀ ਗੁਰਬਾਣੀ ਪਾ ਦਿੱਤੀ। ਭੁੱਲੀ ਜਨਤਾ ਨੂੰ ਸਮਝਾਇਆ ਕਿ ਪ੍ਰਭੂ ਕੀਰਤੀ ਤੋਂ ਬਿਨ੍ਹਾਂ ਰਾਗ ਅਧੂਰਾ ਹੈ। ਪ੍ਰਭੂ ਕੀਰਤੀ ਹੀ ਰਾਗ ਦੀ ਸੰਪੂਰਤਾ ਦਾ ਮਾਤਰਗ ਹੈ।

ਸਭਨਾ ਰਾਗਾ ਵਿਚਿ ਸੋ ਭਲਾ ਭਾਈ,
ਜਿਤੁ ਵਸਿਆ ਮਨਿ ਆਇ ॥
ਰਾਗ ਨਾਦੁ ਸਭ ਸਚੁ ਹੈ।
ਕੀਮਤੀ ਕਹੀ ਨਾ ਜਾਇ ॥ (ਸਲੋਕ ਵਾਰਾਂ ਤੇ ਵਧੀਕ-ਪੰਨਾ 1173)

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ।

(ਵਾਰ ਸ੍ਰੀ ਰਾਗੁ ਮਹਲਾ 4 ਸਲੋਕ ਮਹਲਾ 3 ਪੰਨਾ 83)

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।
ਭਾਣੈ ਚੇਲੇ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।

(ਵਾਰ ਗਉੜੀ ਮਹਲਾ 4 ਸਲੋਕ ਮਹਲਾ 3 ਪੰਨਾ 516)

ਦਰਬਾਰੀ ਸੰਗੀਤ ਮਨੁੱਖੀ ਆਚਰਣ ਦੀ ਉਸਾਰੀ ਨਹੀਂ ਕਰ ਸਕਿਆ ਸਗੋਂ

ਉਸ ਨੂੰ ਆਚਰਣ ਹੀਣਤਾ ਵੱਲ ਲੈ ਗਿਆ। ਕਿਉਂਕਿ ਇਹ ਸੰਗੀਤਕਾਰਾਂ ਦਾ ਨਿਜੀ ਸੁਆਰਥ ਸੀ —

ਵਾਇਨਿ ਚੇਲੇ ਨਚਨਿ ਗੁਰ।

ਪੈਰ ਹਲਾਇਨਿ ਫੇਰਨਿ ਸਿਰ।

ਉਡਿ ਉਡਿ ਰਾਵਾ ਝਾਟੈ ਪਾਇ।

ਵੇਖੈ ਲੋਕੁ ਹਸੈ ਘਰਿ ਜਾਇ।

ਰੋਟੀਆ ਕਾਰਣਿ ਪੂਰਹਿ ਤਾਲ।

ਆਪੁ ਪਛਾੜਹਿ ਧਰਤੀ ਨਾਲ ॥ (ਪੰਨਾ 465)

ਕੌਣ ਨਹੀਂ ਜਾਣਦਾ ਕਿ ਔਰੰਗਜ਼ੇਬ ਸੰਗੀਤ ਦਾ ਕਿਤਨਾ ਕੱਟੜ ਵਿਰੋਧੀ ਸੀ, ਪਰ ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਸਦਾਰੰਗ ਦੁਆਰਾ ਰਚਿਤ ਖਿਆਲ ਗੀਤ ਇਸ ਤਰ੍ਹਾਂ ਹੈ :—

"ਕੀਨੋ ਰੇ ਕਰਤਾਰ ਮਹਾਬਲੀ ਔਰੰਗਜ਼ੇਬ,

ਭਯੋ ਤੋਪੇ ਪੂਰੋ ਪਰਤਾਪ।

ਆਪਬਲੀ ਤਪਬਲੀ ਨੌਖੰਡ, ਮਹਾਬਲੀ,

'ਸਦਾ ਰੰਗ' ਛਾਡੋ ਪ੍ਰਤਾਪ।"

ਜੇਕਰ ਕਿਸੇ ਇਸਲਾਮੀ ਰਾਜੇ ਨੇ ਸੰਗੀਤ ਦੀ ਗੱਲ ਵੀ ਕੀਤੀ ਹੈ ਤਾਂ ਸਭ ਤੋਂ ਪਹਿਲਾਂ ਉਹਨਾਂ ਸ਼ਮਸ਼ੀਰ ਦੀ ਗੱਲ ਕੀਤੀ ਬਾਅਦ ਵਿਚ ਰੰਗ ਰਲੀਆ ਜਾ ਸੰਗੀਤ। ਉਹਨਾਂ ਦਾ ਵਿਚਾਰ ਸੀ ਕਿ ਕੌਮੀ ਬੁਨਿਆਦ ਦੀ ਤਕਦੀਰ ਹੀ ਸ਼ਮਸ਼ੀਰ ਅਤੇ ਢਾਲ ਦੇ ਸਿਰ ਤੇ ਹੈ :—

ਮੈਂ ਤੁਝ ਕੋ ਬਤਾਤਾ ਹੂੰ ਕਿ<br>
ਤਕਦੀਰੇ ਉਮਮ ਕਿਆ ਹੈ,<br>
ਸ਼ਮੀਸ਼ੀਰੋ ਸਨਾ ਅੱਵਲ<br>
ਤਾਊਸ ੳ ਰਬਾਬ ਆਖਰ। (ਇਕਬਾਲ)

ਪਰ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਰਬਾਬ ਨੂੰ ਲਿਆਦਾ, ਕਿਉਂਕਿ ਉਹਨਾਂ ਸੰਗੀਤ ਨੂੰ ਉਸਾਰੂ ਪੱਖ ਤੋਂ ਵਰਤਿਆ। ਸਾਰੇ ਜਗਤ ਨਾਲ ਸੰਗੀਤਕ ਸਾਂਝ ਪਾ ਕੇ ਹੀ ਸਰਬ ਸਾਂਝਾ ਸੰਦੇਸ਼ ਦਿਤਾ।

ਐ ਵਿਰਸੇ ਦੇ ਵਾਰਸੋ, ਮਨੁੱਖਤਾ ਦੇ ਹਾਮੀਓ ਆਓ ਅਸੀਂ ਵੀ ਜਗਤ ਬਾਬੇ ਦੇ ਦਰਸਾਏ ਮਾਰਗ ਦੇ ਪਾਂਧੀ ਬਣੀਏ ਆਪਣੇ ਜੀਵਨ ਨੂੰ ਸੁਰ ਕਰਕੇ ਤੇ ਗੁਰਮਤਿ ਸੰਗੀਤ ਦੀ ਅਸਲੀਅਤ ਦੇ ਚਾਨਣ ਨੂੰ ਘਰ ਘਰ ਪਹੁੰਚਾਈਏ।

# ਹਵਾਲੇ


1. 'ਗੁਰੂ ਚਿੰਤਨ' ਪੰਨਾ 64 ਗਿ: ਸੰਤ ਸਿੰਘ ਮਸਕੀਨ
2. Merchant of Venice—Shakespeare ਸੰਗੀਤ ਕੋਸ਼ ਦੀ ਚੋਂ ਹਵਾਲਾ
3. 'ਸੰਗੀਤ ਦੀ ਮਹਿਮਾ' ਅਲਾਪਤ ਸਭ ਤਿਖ ਜਾਇ—ਪ੍ਰੋ. ਹਰੀ ਸਿੰਘ 'ਅੰਮ੍ਰਿਤ ਕੀਰਤਨ' ਫਰਵਰੀ 1991 ਵਿਚੋਂ।
4. 'ਗੁਰਬਾਣੀ ਸੰਗੀਤ ਅਤੇ ਭਾਰਤੀ ਸੰਗੀਤ ਦਾ ਤੁਲਨਾਤਮਕ ਅਧਿਐਨ—ਪ੍ਰੋ. ਤਾਰਾ ਸਿੰਘ 'ਅੰਮ੍ਰਿਤ ਕੀਰਤਨ ਜਨਵਰੀ-ਫਰਵਰੀ 1990 ਵਿਚੋਂ
5. गीत गोबिन्द काव्यम —चौखम्बा संस्कृत सीरीज आफिस वाराणसी।
6. 'ਅਮਰ ਕਵੀ ਗੁਰੂ' ਅਮਰਦਾਸ' —ਡਾ: ਬਲਵੀਰ ਸਿੰਘ ਦਿਲ
7. ਅੰਮ੍ਰਿਤ ਕੀਰਤਨ ਪ੍ਰੋ. ਤਾਰਾ ਸਿੰਘ ਵਿਸ਼ੇਸ਼ ਅੰਕ ਚੋਂ

# Unique feast of Sikh devotional music

Report by RENUKA SARABJEET SINGH

A unique feast of Sikh devotional music was held at Gurdwara Gurgian Parkash, village Jawaddi, District Ludhiana last month under the auspices of Sant Baba Sucha Singh.

The sailent features of this unique feast are singing of 31 major ragas of Sri Guru Granth Sahib by 52 ragis, standardization of the notations of 31 ragas by a high level 13 members expert committee, decision to establish an academy of Sikh devotional music to train ragis in diff rent ragas and making it an annual feature to sing gurbani in 31 ragas.

The Sangeet Sammelan started with a 'Sant Sammelan' which was inaugurated by Baba Sarabjot Singh of Unna Sahib and presided over by Baba Thakur Singh of Damdami Taksal. The Sant Sammelan gave a call to Sikh sangat to recite gurbani in respective ragas as enshrined in Sri Guru Granth Sahib.

Among those who attended the gathering were Mahant Tirath Singh (Sewa Panthi), Sant Karanjeet Singh, Baba Harnam Singh, Bhupinder Singh, Sant Gurbachan Singh, Baba Bikramjeet Singh, Baba Bhag Singh Pathankot, Sant Hakam Singh Akhare-wala, Sant Hoshiar Singh Dhakki. Mahant Tara Singh Hoshiarpur, Giani Bir Singh Madoke and Giani Kartar Singh.

Singing of gurbani in respective ragas started next day. A seminar on 'Gurmat Sangeet' was held on October 12. Principal Satbir Singh said that singing of 'Partaal' is a contribution of Guru Ramdas Ji to Indian music. Four ragas of Guru Granth Sahib namely 'Majh', 'Tukhari', 'Devgandhari', and 'Jaijaiwanti' are not found in Indian music tradition, disclosed Dr. Ajit Singh Paintal, Delhi.

Dr. Gurbakash Singh, Chairman Punjab School Education Board said that gurmat sangeet has been included as a subject in the curriculum of 10 plus 1 and 10 plus 2 classes in the state.

Dr. Balkar Singh, Head, Sri Guru Granth Sahib Department, Punjabi University, Patiala regretted that Gurmat Sangeet has not been accorded its proper place in the Indian music,

Prof. Piara Singh Padam suggested to name this Sammelan after the first Kirtania Bhai Mardana.

Prof. Kulwant Singh, Punjabi University Patiala said that the basic source of Rabindra Sangeet is gurmat sangeet.

Sant Baba Sucha Singh said that only such sangeet sammelans can bring world peace. He said that plants and animals too respond favourably to exposure to music Scientists have established experimentally that cattle yield more milk and plants yield a better crop if they are frequently and periodically exposed to music.

Bibi Jasbir Kaur, an organiser of Sangeet Sammelan said a Sangeet Academy will be established in the Gurdwara to train and educate students and Ragis. Training will be imparted in playing the traditional string instruments. It will take about 6-10 years to finally train the Ragis and make them competent to return to the community to spread the sacred Word through Kirtan. All the basic needs of the students will be met by the institution itself and it will also be responsibe for their livelihood after they complete their divine education", she added.

Among those who sung gurbani in original ragas include Singh Bandhu, Principal Baldev Singh Delhi, Dr. Ajit Singh Paintal Bibi Geeta Kaur Paintal. Bibi Bhupinder Kaur Chandigarh, Bhai Balbir Singh Amritsar, Prof. Paramjot Singh Mu'lanpur, Prof Kartar Singh, Director Bhai Samund Singh Gurmat Sangeet Academy, Bhai Lal Ji Meerut, Bhai Avtar Singh Hoshiarpur, Bhai Ravinder Singh Rinkal of Guru Gobind Singh Study Circle, Dr. Jagir Singh, Editot 'Amrit Kirtan' Chandigarh, Bibi Neevadita Kaur Delhi, Prof. Harchand Singh Ludhisna, Bhai Gurmeet Singh ShantG urdaspur Bhai, Harjinder Singh Srinagarwale Bhai Dilbagh Singh Gulbagh Singh, Bhai Jasbir Singh, Bibi Baljeet Kaur Talwarawale, Bhai Mohinder Singh Thumri, Bhai Prithipal Singh Indore, Bhai Nirmal Singh Khalsa Bhai Harcharn Singh Fakker, Bhai Amarjeet Singh Taan ect.

It will not be wrong to add that these are peace-time activities of a community which are being successfully carried on when the media is posing a burning picture of Punjab.

According to an estimation about ten lakh devotees attended this unique feat. The community really requires the services of such saints who exhort the sangat to follow the teachings of Sri Guru Granth Sahib. □

ਗੁਰਮਤਿ ਸੰਗੀਤ ਸਮਾਚਾਰ

# ਗੁਰਬਾਣੀ ਦੇ ਨਿਰਧਾਰਿਤ ਰਾਗਾਂ ਵਿੱਚ ਸ਼ਬਦ

ਅੱਜ ਕਲ੍ਹ ਗੁਰਬਾਣੀ ਦੀ ਪ੍ਰਮਾਣਿਕ ਗਾਇਨ ਪੱਧਤੀ ਨੂੰ ਸੰਭਾਲਣ ਅਤੇ ਪ੍ਰਚਾਰਨ ਦੇ ਜਤਨ ਹੋ ਰਹੇ ਹਨ। ਪਰ ਅਜੇ ਵੀ ਕੀਰਤਨੀਏ ਸਸਤੀ ਸ਼ੁਹਰਤ ਅਤੇ ਮਾਇਆ ਪ੍ਰਾਪਤ ਕਰਨ ਲਈ ਕੈੱਸਟ ਕੰਪਨੀਆਂ ਦੀ ਮੰਗ ਅਨੁਸਾਰ ਫਿਲਮੀ ਤਰਜ਼ਾਂ ਉਤੇ ਕੀਰਤਨ ਕਰਦੇ ਹਨ। ਹੋਰ ਤਾਂ ਹੋਰ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਪ੍ਰਸਾਰਿਤ ਹੁੰਦੇ ਕੀਰਤਨ ਵਿੱਚੋਂ ਵੀ ਫਿਲਮੀ ਤਰਜ਼ਾਂ ਦੀਆਂ ਧੁਨਾਂ ਪਵਿੱਤਰ ਗੁਰਬਾਣੀ ਨੂੰ ਅਵਪਵਿੱਤਰ ਕਰਦੀਆਂ ਸੁਣਾਈ ਦਿੰਦੀਆਂ ਹਨ। ਸੰਗਤਾਂ, ਪ੍ਰਬੰਧਕਾਂ ਅਤੇ ਕੀਰਤਨ ਪ੍ਰੇਮੀਆਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਕੀਰਤਨੀਆਂ ਨੂੰ ਨਿਰਉਤਸਾਹਿਤ ਕਰਨ ਦਾ ਯਤਨ ਕਰਨ।

ਅਜਿਹੇ ਵਪਾਰਕ ਯੁਗ ਵਿਚ ਵੀ ਗੁਰੂ ਨਾਨਕ ਫ਼ਾਉਂਡੇਸ਼ਨ ਦੇ ਸਹਿਯੋਗ ਨਾਲ ਐਚ.ਐਮ. ਵੀ ਵਾਲਿਆਂ ਨੇ ਗੁਰਬਾਣੀ ਦੇ ਨਿਰਧਾਰਿਤ ਰਾਗਾਂ ਵਿੱਚ ਸ਼ਬਦਾਂ ਦੀ ਕੈੱਸਟ ਤਿਆਰ ਕਰਕੇ ਗੁਰਬਾਣੀ ਦੀ ਠੀਕ ਗਾਇਨ ਪੱਧਤੀ ਨੂੰ ਪ੍ਰਚਾਰਨ ਦਾ ਸੁਚੱਜਾ ਯਤਨ ਕੀਤਾ ਹੈ।

ਇਸ ਕੈੱਸਟ ਵਿੱਚ ਪ੍ਰੋ: ਦਰਸ਼ਨ ਸਿੰਘ, ਭਾਈ ਗੁਰਮੀਤ ਸਿੰਘ, ਬੀਬੀ ਅਜੀਤ ਕੌਰ, ਬੀਬੀ ਨੀਲਮ ਸਾਹਨੀ, ਬੀਬੀ ਕਮਲ ਹੰਸਪਾਲ, ਭਾਈ ਦਿਲਬਾਗ ਸਿੰਘ-ਭਾਈ ਗੁਲਬਾਗ ਸਿੰਘ, ਦੀਪਕ ਕੁਮਾਰ ਚੈਟਰਜੀ, ਭਾਈ ਹਰਬੰਸ ਸਿਘ, ਭਾਈ ਬਲਦੇਵ ਸਿੰਘ ਅਤੇ ਭਾਈ ਸਾਧੂ ਸਿੰਘ ਜਿਹੇ ਚੋਟੀ ਦੇ ਕੀਰਤਨੀਆਂ ਅਤੇ ਗਾਇਕਾਂ ਨੇ ਸ਼ਬਦ ਗਾਇਨ ਕੀਤਾ ਹੈ।

ਕੇ. ਐਸ. ਨਰੂਲਾ ਦੇ ਸੰਗੀਤ ਨਿਰਦੇਸ਼ਨ ਹੇਠ ਇਸ ਕੈੱਸਟ ਵਿੱਚ ਰਾਗ ਕਲਿਆਣ, ਕੇਦਾਰਾ, ਟੋਡੀ, ਕਾਨੜਾ, ਭੈਰਵ, ਮਾਰੂ ਸੂਹੀ, ਗੌਡ, ਨੱਟ ਨਰਾਇਣ ਆਦਿ ਰਾਗਾਂ ਵਿੱਚ ਗਾਏ ਸ਼ਬਦ ਸੁਣਨ ਨੂੰ ਮਿਲਦੇ ਹਨ।

ਸ੍ਰ: ਜੋਧ ਸਿੰਘ ਜੀ ਦੀ ਨਿਗਰਾਨੀ ਹੇਠ ਵੱਖ ਵੱਖ ਕੀਰਤਨੀਆਂ ਰਾਗਾਂ ਅਤੇ ਸ਼ਬਦਾਂ ਦੇ ਗਾਇਨ ਦੀ ਇਹ ਕੈੱਸਟ ਕੀਰਤਨ ਪ੍ਰੇਮੀਆਂ ਲਈ ਇੱਕ ਤੋਹਫ਼ਾ ਹੈ।

—ਡਾ. ਜਾਗੀਰ ਸਿੰਘ,
422/15-ਏ, ਚੰਡੀਗੜ੍ਹ

## ਦਾਸ ਅਪੁਨੇ ਕਉ ਨਾਮ ਦੇਵਹੁ

ਲੁਧਿਆਣਾ ਦੀ ਕੈੱਸਟ ਕੰਪਨੀ "ਇੰਡੀਅਨ ਮੈਲੋਡੀਜ਼" ਨੇ ਹਾਲ ਹੀ ਵਿਚ 'ਕੀਰਤਨ ਨਿਰਮੋਲਕ ਹੀਰਾ ਲੜੀ ਦੇ ਵਿਚ ਨੌਜਵਾਨ ਰਾਗੀ ਭਾਈ ਇਕਬਾਲ

ਸਿੰਘ ਅਤੇ ਭਾਈ ਅਵਤਾਰ ਸਿੰਘ ਦੇ ਗਾਇਨ ਕੀਤੇ ਸ਼ਬਦਾਂ ਦੀ ਕੈੱਸਟ ''ਦਾਸ ਅਪੁਨੇ ਕਉ ਨਾਮ ਦੇਵਹੁ'' ਟਾਈਟਲ ਨਾਲ ਰਿਲੀਜ਼ ਕੀਤੀ ਹੈ।

ਇਸ ਕੰਪਨੀ ਨੇ ਆਪਣਾ ਕੰਮ ਹੀ ਸ਼ਬਦਾਂ ਦੀਆਂ ਕੈੱਸਟਾਂ ਤੋਂ ਸ਼ੁਰੂ ਕੀਤਾ ਸੀ ਅਤੇ ਪਿਛਲੇ ਦੋ ਕੁ ਸਾਲਾਂ ਦੇ ਸਮੇਂ ਵਿਚ ਅਨੇਕਾਂ ਰਾਗੀਆਂ ਦੀਆਂ ਕੈੱਸਟਾਂ ਗੁਰਬਾਣੀ ਦੇ ਪ੍ਰੇਮੀਆਂ ਨੂੰ ਦਿੱਤੀਆਂ ਹਨ। ਇਸ ਕੈੱਸਟ ਦੀਆਂ ਦੋਵਾਂ ਦਿਸ਼ਾਵਾਂ 'ਤੇ ਦੋ-ਦੋ ਸ਼ਬਦ ਹਾਜ਼ਰ ਕੀਤੇ ਗਏ ਹਨ। 'ਏ ਦਿਸ਼ਾ 'ਤੇ ਟਾਈਟਲ ਸ਼ਬਦ 'ਦਾਸ ਅਪੁਨੇ ਕਉ ਨਾਮ ਦੇਵਹੁ' ਅਤੇ 'ਗੁਣ ਗਾਵਾਂ ਦਿਨ ਰੈਣ' ਹਨ। ਇਸੇ ਤਰ੍ਹਾਂ 'ਬੀ' ਦਿਸ਼ਾ 'ਤੇ 'ਸਦਾ ਰੰਗੀਲਾ ਲਾਲ ਪਿਆਰਾ' ਅਤੇ ''ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ'' ਸ਼ਬਦ ਪੇਸ਼ ਹਨ।

ਭਾਈ ਇਕਬਾਲ ਸਿੰਘ ਅਤੇ ਭਾਈ ਅਵਤਾਰ ਸਿੰਘ ਦੀਆਂ ਹੁਣ ਤਕ ਅਨੇਕ ਕੈਸੇਟਾਂ ਮਾਰਕੀਟ ਵਿਚ ਆ ਚੁਕੀਆਂ ਹਨ ਅਤੇ ਹਰੇਕ ਕੈਸੇਟ ਵਿਚ ਪਹਿਲੀ ਨਾਲੋਂ ਭਾਈ ਸਾਹਿਬ ਦੀ ਆਵਾਜ਼ ਵਿਚ ਨਿਖਾਰ ਆਇਆ ਹੁੰਦਾ ਹੈ। ਇਸ ਕੈਸੇਟ ਵਿਚ ਵੀ ਭਾਈ ਸਾਹਿਬ ਨੇ ਕਮਾਲ ਦਾ ਗਾਇਨ ਕੀਤਾ ਹੈ। ਪਹਿਲੇ ਸ਼ਬਦ ਵਿਚ ਕੋਰਸ ਦਾ ਸੁਚੱਜਾ ਸੁਮੇਲ ਕੀਤਾ ਗਿਆ ਹੈ। 'ਗੁਣ ਗਾਵਾਂ ਦਿਨ ਰੈਣ' ਅਤੇ 'ਸਦਾ ਰੰਗੀਲਾ ਲਾਲ ਪਿਆਰਾ' ਸ਼ਬਦਾਂ ਨੂੰ ਬੇਸ਼ਕ ਹੋਰ ਵੀ ਕਈ ਰਾਗੀਆਂ ਨੇ ਗਾਇਆ ਹੈ ਪ੍ਰੰਤੂ ਭਾਈ ਸਾਹਿਬ ਨੇ ਬਹੁਤ ਸੋਹਣੀ ਆਵਾਜ਼ ਵਿਚ ਗਾ ਕੇ ਕਮਾਲ ਕੀਤਾ ਹੈ। ਚਾਰੇ ਸ਼ਬਦ ਵਧੀਆ ਆਵਾਜ਼ ਵਿਚ ਗਾਏ ਗਏ ਹਨ।

## ਪ੍ਰਭ ਪਾਸਿ ਜਨ ਕੀ ਅਰਦਾਸਿ

'ਇੰਡੀਅਨ ਮੈਲੋਡੀਜ਼' ਕੈਸੇਟ ਕੰਪਨੀ ਨੇ 'ਕੀਰਤਨ ਨਿਰਮੋਲਕ ਹੀਰਾ' ਲੜੀ ਹੇਠ ਭਾਈ ਹਰਜੀਤ ਸਿੰਘ ਅਤੇ ਸਾਥੀਆਂ ਦੀ ਆਵਾਜ਼ ਵਿਚ ਗਾਏ ਸ਼ਬਦਾਂ ਦੀ ਇਕ ਹੋਰ ਕੈਸੇਟ ''ਪ੍ਰਭ ਪਾਸਿ ਜਨ ਕੀ ਅਰਦਾਸਿ'' ਟਾਈਟਲ ਨਾਲ ਰਿਲੀਜ਼ ਕੀਤੀ ਹੈ।

ਇਸ ਕੈਸੇਟ ਵਿਚ ਕੁਲ ਛੇ ਸ਼ਬਦਾਂ ਦਾ ਗਾਇਨ ਕੀਤਾ ਗਿਆ ਹੈ। 'ਏ' ਦਿਸ਼ਾ 'ਤੇ ''ਪ੍ਰਭ ਪਾਸਿ ਜਨ ਕੀ ਅਰਦਾਸਿ'', ''ਦੀਨ ਦਿਆਲ ਭਰੋਸੇ ਤੇਰੇ'', ''ਭੀ ਤੇਰੀ ਕੀਮਤਿ ਨ ਪਵੈ'' ਅਤੇ 'ਬੀ' ਦਿਸ਼ਾ 'ਤੇ ' ਕਹਤੇ ਪਵਿਤ ਸੁਣਤੇ ਸਭਿ ਧਨਿ'', ''ਬੁਰਾ ਭਲਾ ਕਹੁ ਕਿਸ ਨੋ ਕਹੀਐ'', ''ਜਿਨ ਕੇ ਚੋਲੇ ਰਤੜੇ ਪਿਆਰੇ'' ਸ਼ਬਦ ਪੇਸ਼ ਹਨ। ਹਰਮੋਨੀਅਮ ਅਤੇ ਤਬਲੇ ਦੇ ਵਧੀਆ ਸੁਮੇਲ ਨਾਲ ਸਾਰੇ ਸ਼ਬਦਾਂ ਨੂੰ ਭਾਈ ਸਾਹਿਬ ਨੇ ਖੂਬਸੂਰਤ ਆਵਾਜ਼ ਵਿਚ ਗਾਇਆ ਹੈ। ਭਾਈ ਹਰਜੀਤ ਸਿੰਘ ਦੀ ਆਵਾਜ਼ ਕੰਨ ਵਿਚ ਰਸ ਪੈਦਾ ਕਰਦੀ ਹੈ ਅਤੇ ਸਰੋਤੇ ਦੀ ਬਿਰਤੀ ਗਾਇਨ ਦੇ ਨਾਲ ਜੋੜਨ ਦੀ ਸਮਰੱਥਾ ਰੱਖਦੀ ਹੈ।

'ਪ੍ਰਭ ਪਾਸਿ ਜਨ ਕੀ ਅਰਦਾਸਿ'' ਅਤੇ 'ਜਿਨ ਕੇ ਚੋਲੇ ਰਤੜੇ' ਸ਼ਬਦ ਨੂੰ

ਅੱਜ ਕੱਲ੍ਹ ਹਰੇਕ ਰਾਗੀ ਗਾਉਂਦਾ ਹੈ ਅਤੇ ਸਰੋਤਿਆਂ ਦੇ ਮਨਾਂ ਵਿਚ ਇਹ ਸ਼ਬਦ ਵਸੇ ਹੋਏ ਹਨ। ਇਨ੍ਹਾਂ ਸ਼ਬਦਾਂ ਨੂੰ ਇਸ ਕੈਸੇਟ ਵਿਚ ਵੀ ਭਾਈ ਸਾਹਿਬ ਨੇ ਬਾਖ਼ੂਬੀ ਗਾਇਆ ਹੈ। ਭਾਈ ਸਾਹਿਬ ਨੇ ਸਮੁੱਚੀ ਕੈਸੇਟ ਵਿਚ ਸਾਰੇ ਸ਼ਬਦਾਂ ਨੂੰ ਰਾਗਾਂ ਅਨੁਸਾਰ ਗਾਇਆ ਹੈ।

-- ਸੁਰਿੰਦਰ ਸਿੰਘ

## ਗੌਰਵਮਈ ਪਰੰਪਰਾ ਦਾ ਕੀਰਤਨ

ਗਿਆਨੀ ਸੰਤ ਸਿੰਘ ਮਸਕੀਨ ਜੀ ਹਰ ਸਾਲ ਅਲਵਰ ਵਿਖੇ ਗੁਰਮਤ ਸਮਾਗਮ ਅਯੋਜਿਤ ਕਰਦੇ ਹਨ। ਇਥੇ ਵੱਡੀ ਗਿਣਤੀ ਵਿਚ ਕੀਰਤਨੀ ਜਥੇ ਕੀਰਤਨ ਕਰਨ ਲਈ ਪੁਜਦੇ ਹਨ । ਅੰਮ੍ਰਿਤਬਾਣੀ ਵਾਲੇ ਇਨ੍ਹਾਂ ਵਿਚੋਂ ਚੋਣਵੇਂ ਰਾਗੀ ਜਥਿਆਂ ਦੇ ਕੀਰਤਨ ਦੀਆਂ ਕੈਸੇਟਾਂ-ਟਪਾਂ ਤਿਆਰ ਕਰ ਕੇ ਸਰੋਤਿਆਂ ਤਕ ਪੁਚਾਉਣ ਦਾ ਯਤਨ ਕਰ ਰਹੇ ਹਨ। ਇਸੇ ਯਤਨ ਅਧੀਨ ਇਨ੍ਹਾਂ ਨੇ ਰਬਾਬੀ ਪਰੰਪਰਾ ਦੇ ਗੌਰਵਮਈ ਕੀਰਤਨੀਏ ਭਾਈ ਦਿਲਬਾਗ ਸਿੰਘ-ਭਾਈ ਗੁਲਬਾਗ ਸਿੰਘ ਅਤੇ ਭਾਈ ਹਰਚਰਨ ਸਿੰਘ ਫੱਕਰ ਦੇ ਰਾਗੀ ਜਥਿਆਂ ਦੇ ਕੀਰਤਨ ਦੀ ਕੈਸੇਟ ਟੇਪ ਤਿਆਰ ਕੀਤੀ ਹੈ।

ਕੈਸੇਟ ਦਾ ਨੰਬਰ ਹੈ—ਐਸ.ਜੀ. 1231

ਇਸ ਕੈਸੇਟ ਵਿਚ ਭਾਈ ਦਿਲਬਾਗ ਸਿੰਘ-ਭਾਈ ਗੁਲਬਾਗ ਸਿੰਘ ਨੇ ਹੇਠ ਲਿਖੇ ਪੰਜ ਸ਼ਬਦ ਗਾਇਨ ਕੀਤੇ ਹਨ :

1. ਸਾਚੀ ਪ੍ਰੀਤ ਹਮ ਸਿਉ ਜੋਰੀ।
2. ਪ੍ਰਭ ਮਿਲਬੇ ਕਉ ਪ੍ਰੀਤ ਮਨ ਲਾਗੀ।
3. ਕਾਉਨ ਜਾਨੇ ਪੀਰ ਪਰਾਈ।
4. ਦੇਖਿ ਫੂਲ ਫੂਲੇ।
5. ਸਚ ਸਾਚ ਸ੍ਰੀ ਨਿਵਾਸ।

ਭਾਈ ਹਰਚਰਨ ਸਿੰਘ ਫੱਕਰ ਹੋਰਾਂ ਨੇ ਹੇਠ ਲਿਖੇ ਦੋ ਸ਼ਬਦ ਗਾਇਨ ਕੀਤੇ ਹਨ :—

1. ਸੇਵਾ ਕਉ ਦੋਉ ਭਲੇ
2. ਵੱਡੀ ਤੇਰੀ ਵਡਿਆਈ

ਬਾਗ ਬੰਧੂਆਂ ਨੇ ਚਾਰ ਸ਼ਬਦ ਕਲਾਸੀਕਲ ਵਿਚ ਅਤੇ ਇਕ ਸ਼ਬਦ ਕਵਾਲੀ ਰੰਗ ਵਿਚ ਗਾਇਨ ਕੀਤਾ ਹੈ। ਕਿਤੇ ਕਿਤੇ ਉਹ ਨਸਰਤ ਅਲੀ, ਫਤਹਿ ਅਲੀ ਦੇ ਗਾਇਨ ਢੰਗ ਨੂੰ ਅਪਣਾਉਂਦੇ ਜਾਪਦੇ ਹਨ। ਫੱਕਰ ਜੀ ਦੇ ਦੋਵੇਂ ਸ਼ਬਦ ਭਾਵੇਂ ਸੁਗਮ ਸੰਗੀਤ ਵਾਲੇ ਹਨ ਪਰ ਖਾਨਦਾਨੀ ਪਰਪੱਕਤਾ ਸਪਸ਼ਟ ਨਜ਼ਰ ਆਉਂਦੀ ਹੈ।

ਆਮ ਸਰੋਤਿਆਂ ਨੂੰ ਭਾਵੇਂ ਇਹ ਕੈਸੇਟ ਇਤਨੀ ਪਸੰਦ ਨਾ ਆਵੇ ਪਰ ਕਲਾਸੀਕਲ ਕੀਰਤਨ ਦੇ ਪ੍ਰੇਮੀਆਂ ਲਈ ਇਹ ਅਮੁੱਲ ਹੈ। ਆਸ ਹੈ ਅੰਮ੍ਰਿਤ ਬਾਣੀ ਵਾਲੇ ਇਹ ਯਤਨ ਜਾਰੀ ਰੱਖਣਗੇ। ਚੰਗਾ ਹੋਵੇ ਜੇ ਉਹ ਕਵਰ ਤਿਆਰ ਕਰਨ ਵੇਲੇ ਗੁਰਬਾਣੀ ਦੇ ਕਿਸੇ ਜਾਣਕਾਰ ਦੀ ਮਦਦ ਵੀ ਲੈ ਲਿਆ ਕਰਨ। —ਜਾਗੀਰ ਸਿੰਘ

## *ਪਿਆਰੀ ਜਿਹੀ ਕੈਸੇਟ-'ਸਾਵਣ ਆਇਆ'*

ਪਿਛਲੇ ਕੁਝ ਸਮੇਂ ਤੋਂ ਮਾਰਕੀਟ ਵਿਚ ਗੁਰਬਾਣੀ ਦੀਆਂ ਕੈਸਟਾਂ ਦਾ ਹੜ੍ਹ ਜਿਹਾ ਆਇਆ ਹੋਇਆ ਹੈ ਪਰ ਅਜੇਹੀ ਕੈਸੇਟ ਕਦੇ ਕਦਾਈਂ ਹੀ ਆਉਂਦੀ ਹੈ ਜੋ ਸਿੱਧੀ ਮਨ ਵਿਚ ਉੱਤਰ ਜਾਵੇ। ਪਿਛਲੇ ਦਿਨੀਂ ਅਜੇਹੀ ਹੀ ਇਕ ਕੈਸੇਟ ਸੁਣਨ ਨੂੰ ਮਿਲੀ—'ਸਾਵਣ ਆਇਆ'। ਇਸ ਕੈਸੇਟ ਵਿਚਲੇ ਸ਼ਬਦ ਗਾਏ ਹਨ ਨਵੀਂ ਪੀੜ੍ਹੀ ਦੇ ਸਿਰ ਕੱਢ ਰਾਗੀ ਡਾ. ਜਾਗੀਰ ਸਿੰਘ ਨੇ, ਜਿਹਨਾਂ ਦਾ ਨਾਂ ਅਜ ਕਿਸੇ ਪਰੀਚੇ ਦਾ ਮੋਹਤਾਜ ਨਹੀਂ। ਪਹਿਲੇ ਵੀ ਉਹ 'ਭਜਹੁ ਗੋਬਿੰਦ' ਵਰਗੀ ਬੇਹਤਰੀਨ ਕੈਸੇਟ ਦੇ ਚੁੱਕੇ ਹਨ। ਇਸ ਤੋਂ ਇਲਾਵਾ ਵੀ ਉਹਨਾਂ ਦੀਆਂ ਦਰਜਨ ਤੋਂ ਵੱਧ ਹੋਰ ਕੈਸਟਾਂ ਮਾਰਕੀਟ ਵਿਚ ਆ ਚੁੱਕੀਆਂ ਹਨ।

ਕੈਸੇਟ 'ਸਾਵਣ ਆਇਆ' ਵਿਚ ਸਿਰਫ਼ ਚਾਰ ਸ਼ਬਦ ਹਨ। ਏ ਸਾਈਡ 'ਤੇ ਪਹਿਲਾ ਸ਼ਬਦ ਹੈ—ਗੁਰੂ ਨਾਨਕ ਦੇਵ ਜੀ ਦੀ ਰਚਨਾ—ਮੋਰੀਂ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ' ਜੋ ਕਿ ਡਾਕਟਰ ਸਾਹਿਬ ਨੇ ਰਾਗ ਵਡਹੰਸ ਧੁਨੀ ਵਿਚ ਗਾਇਆ ਹੈ, ਦੂਸਰਾ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਰਚਿਆ ਹੋਇਆ ਹੈ—'ਸਾਵਣ ਸਰਸੀ ਕਾਮਣੀ'। ਇਸ ਸ਼ਬਦ ਵਿਚ ਵਜਾਇਆ ਤਬਲਾ ਪਾਣੀ ਵਿਚ ਡਿਗ-ਦੀਆਂ ਬਰਖਾਂ ਦੀਆਂ ਬੂੰਦਾਂ ਦੀ ਮਿੱਠੀ ਅਵਾਜ ਦਾ ਅਭਾਸ ਦਿੰਦਾ ਹੈ। ਸਰੋਤਿਆਂ ਨੂੰ ਇਹ ਗੱਲ ਹੈਰਾਨ ਕਰ ਸਕਦੀ ਹੈ ਕਿ ਇਸ ਕੈਸੇਟ ਵਿਚ ਤਬਲਾ ਵੀ ਡਾ. ਸਾਹਿਬ ਨੇ ਖੁਦ ਹੀ ਵਜਾਇਆ ਹੈ। ਜਾਗੀਰ ਸਿੰਘ ਹੋਰਾਂ ਨੇ ਮੈਨੂੰ ਖੁਦ ਦੱਸਿਆ ਕਿ ਉਹਨਾਂ ਨੇ ਪਹਿਲੇ ਸਿਰਫ ਤਬਲਾ ਵਜਾ ਕੇ ਰਿਕਾਰਡ ਕਰ ਲਿਆ ਅਤੇ ਬਾਦ ਵਿਚ ਤਬਲੇ ਦੀ ਕੈਸੇਟ ਚਲਾ ਕੇ ਨਾਲ ਰਿਕਾਰਡਿੰਗ ਕਰ ਲਈ।

ਕੈਸੇਟ ਵਿਚ ਜੋ ਸ਼ਬਦ ਸਭ ਤੋਂ ਪਿਆਰਾ ਲਗਦਾ ਹੈ ਉਹ ਹੈ ਬੀ ਸਾਈਡ ਦਾ ਪਹਿਲਾ ਸ਼ਬਦ—ਗੁਰੂ ਨਾਨਕ ਦੇਵ ਦੀ ਰਚਨਾ 'ਸਾਵਣ ਸਰਸ ਮਨਾ ਘਣ ਬਰਸੈ'। ਰਾਗ ਤੁਖਾਰੀ ਵਿਚ ਗਾਇਆ ਇਹ ਪਿਆਰਾ ਜਿਹਾ ਸ਼ਬਦ ਤਾਂ ਇਕ ਮਾਹੌਲ ਸਿਰਜ ਕੇ ਰੱਖ ਦਿੰਦਾ ਹੈ। ਬੀ ਸਾਈਡ ਦਾ ਦੂਜਾ ਸ਼ਬਦ ਗੁਰੂ ਰਾਮ ਦਾਸ ਜੀ ਦਾ ਰਚਿਆ ਹੋਇਆ ਹੈ—'ਸਾਵਣ ਆਇਆ ਝਿਮ ਝਿਮਾ'।

ਸਾਰੇ ਗੁਰਬਾਣੀ ਅਤੇ ਸੰਗੀਤ ਪ੍ਰੇਮੀਆਂ ਲਈ ਇਹ ਕੈਸੇਟ ਤਾਂ ਇਕ ਤੋਹਫਾ ਹੈ। ਮੇਰੀ ਡਾ. ਜਾਗੀਰ ਸਿੰਘ ਹੋਰਾਂ ਨੂੰ ਸਲਾਹ ਹੈ ਕਿ ਉਹ ਇਸੇ ਤਰ੍ਹਾਂ ਇਕ ਕੈਸੇਟ ਗੁਰਬਾਣੀ ਵਿਚੋਂ ਬਸੰਤ ਦੇ ਸਬਦਾਂ ਵੀ ਤਿਆਰ ਕਰਨ। —ਸੁਭਾਸ਼ ਪਰਿਹ

●

# ਗੁਰੂ ਨਾਨਕ ਬਾਲ ਆਸ਼ਰਮ ਸੈਕਟਰ 27-ਡੀ

## (ਰਾਮਗੜ੍ਹੀਆ ਭਵਨ ਦੇ ਨਾਲ) ਚੰਡੀਗੜ੍ਹ ਵਿਖੇ

ਕਮਜ਼ੋਰ ਵਰਗ ਦੇ ਬੱਚਿਆਂ ਦੀ ਸਹਾਇਤਾ, ਸੇਵਾ ਸੰਭਾਲ ਅਤੇ ਉਨ੍ਹਾਂ ਨੂੰ ਰੋਜ਼ਗਾਰ ਸਿਖਾ ਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ ਲਈ Guru Nanak Bal Ashram and Vocational Training Institute ਨਾਮ ਦੀ ਸੰਸਥਾ ਕਾਇਮ ਕੀਤੀ ਗਈ ਸੀ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੋਈ, ਕੁਝ ਦਾਨੀ ਸੱਜਣਾਂ ਨੇ ਇਸ ਲੋੜੀਂਦੇ ਕਾਰਜ ਦੀ ਅਹਿਮੀਅਤ ਨੂੰ ਸਮਝ ਕੇ ਮਿਲਵਰਤਣ ਤੇ ਸਹਿਯੋਗ ਬਖਸ਼ਿਆ। ਤਿੰਨ ਕਨਾਲ ਦਾ ਪਲਾਟ ਲੈ ਕੇ ਚਾਰ ਮੰਜਲੀ ਬਿਲਡਿੰਗ ਬਣਾਉਣ ਦਾ ਸੰਕਲਪ ਕੀਤਾ ਗਿਆ। ਕੀਰਤਨ ਤੇ ਅਰਦਾਸ ਕਰਕੇ ਪੰਜ ਪਿਆਰਿਆਂ ਦੇ ਹੱਥੋਂ ਨੀਂਹ ਪੱਥਰ ਰਖਵਾਇਆ ਗਿਆ।

ਹੁਣ ਤੱਕ ਬਣ ਚੁੱਕੇ ਪੰਜ ਕਮਰੇ ਤੇ ਹਾਲ ਦੇ ਉਦਘਾਟਨ ਦੀ ਖੁਸ਼ੀ ਵਿਚ ਗੁਰੂ ਨਾਨਕ ਬਾਲ ਆਸ਼ਰਮ ਦੇ ਪ੍ਰਬੰਧਕਾਂ ਨੇ ਵਿਸ਼ੇਸ਼ ਕੀਰਤਨ ਦਰਬਾਰ ਕਰਨ ਦਾ ਉਪਰਾਲਾ ਕੀਤਾ ਜਿਸ ਵਿਚ ਹੇਠ ਲਿਖੇ ਪ੍ਰਸਿੱਧ ਤੇ ਨਿਸ਼ਕਾਮ ਕੀਰਤਨੀ ਜਥਿਆਂ ਨੇ ਭਾਗ ਲਿਆ।

ਭਾਈ ਬਲਬੀਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸਮਿੱਤਰ ਸਿੰਘ ਜੀ ਸਾਬਕਾ ਹਜ਼ੂਰੀ ਰਾਗੀ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਅਨੰਦਪੁਰ ਸਾਹਿਬ, ਪ੍ਰੋ. ਨਿਰਮਲ ਸਿੰਘ ਜੀ ਚੰਡੀਗੜ੍ਹ

ਪ੍ਰੋ. ਪ੍ਰੀਤਮ ਸਿੰਘ ਤੂਰ ਅਤੇ ਵਿਦਿਆਰਥੀ ਭਾਈ ਹੀਰਾ ਸਿੰਘ ਸੰਗੀਤ ਵਿਦਿਆਲਾ (ਚੀਫ ਖਾਲਸਾ ਦੀਵਾਨ ਅੰਮ੍ਰਿਤਸਰ),

ਡਾ. ਜਾਗੀਰ ਸਿੰਘ ਚੰਡੀਗੜ੍ਹ, ਭਾਈ ਕਰਨੈਲ ਸਿੰਘ ਮੁਹਾਲੀ

ਆਪ ਜੀ ਨੂੰ ਨਾਲ ਹੀ ਸੂਚਤ ਕੀਤਾ ਜਾਂਦਾ ਹੈ ਕਿ ਬਾਲ ਆਸ਼ਰਮ ਵਿਚ ਲੋੜਵੰਦ ਬੱਚੀਆਂ ਤੇ ਬੀਬੀਆਂ ਲਈ Sewing Cutting and Dress Designing Training Cum Producting Centre ਖੋਹਲਿਆ ਗਿਆ ਹੈ ਜਿਸ ਦਾ ਇੰਤਜ਼ਾਮ ਤੇ ਜ਼ਿੰਮੇਵਾਰੀ Sikh Women Welfare Society Chandigarh ਨੇ ਆਪਣੇ ਹੱਥ ਲਈ ਹੈ। ਅਗਲਾ ਟੀਚਾ ਸਾਡਾ ਟਾਈਪਿੰਗ ਸ਼ਾਰਟਹੈਂਡ ਤੇ ਸੈਕਰੇਟ੍ਰੀਅਲ ਕੋਰਸ ਸ਼ੁਰੂ ਕਰਨ ਦਾ ਹੈ ਨਾਲ ਹੀ ਗੁਰਮਤਿ ਸੰਗੀਤ ਕਲਾਸਾਂ ਤੇ ਪੰਜਾਬੀ ਦੀ ਪੜ੍ਹਾਈ ਕਰਾਉਣ ਦਾ ਉਪਰਾਲਾ ਕੀਤਾ ਜਾਵੇਗਾ।

ਹਰਬੰਸ ਸਿੰਘ, ਪਰਮਪਾਲ ਸਿੰਘ ਮਾਨ, ਮੇਜਰ ਆਗਿਆਪਾਲ ਸਿੰਘ, ਜੈਦੇਵ ਸਿੰਘ

ਨੋਟ :- ਪੁੱਛ-ਗਿਛ ਲਈ ਫੋਨ 21787, 21500 (ਦਾਖਲਾ ਖੁਲ੍ਹਾ ਹੈ।)

ਬਰਸੀ ਤੇ ਵਿਸ਼ੇਸ਼

# ਮਹਾਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ

— ਪ੍ਰੋ: ਪਰਮਜੀਤ ਕੌਰ ਸਿਧਵਾਂ ਕਾਲਜ (ਲੁਧਿਆਣਾ)

ਸੰਗੀਤ ਇਕ ਲਲਿਤ ਕਲਾ ਹੈ ਅਤੇ ਅਤਿ ਪ੍ਰਾਚੀਨ ਕਲਾਵਾਂ ਵਿੱਚੋਂ ਇੱਕ ਹੈ। ਸੰਗੀਤ ਹੋਰ ਲਲਿਤ ਕਲਾਵਾਂ ਜਿਵੇਂ ਕਵਿਤਾ, ਨਾਟਕ, ਚਿੱਤਰਕਲਾ ਤੋਂ ਸਰਵਸਰੇਸ਼ਟ ਹੈ ਕਿਉਂਕਿ ਇਸ ਵਿਚ ਨਾਦ-ਸਵੱਰ ਦਾ ਸੁੰਦਰ ਤੇ ਭਰਪੂਰ ਸੁਮੇਲ ਹੈ, ਜਿਸ ਦੁਆਰਾ ਕਲਾਕਾਰ ਇੱਕ ਅਜਿਹੀ ਅਨੰਦਮਈ ਅਵਸਥਾ ਦੀ ਸਿਰਜਨਾ ਕਰ ਦਿੰਦਾ ਹੈ ਜੋ ਹਰ ਪ੍ਰਾਣੀ ਮਾਤਰ ਨੂੰ ਅਨੰਦ ਵਿਭੋਰ ਕਰ ਦਿੰਦੀ ਹੈ।

ਭਾਰਤੀ ਸੰਗੀਤ ਦੀ ਇੱਕ ਵਿਲੱਖਣਤਾ ਇਹ ਹੈ ਕਿ ਇਸ ਦਾ ਸੰਬੰਧ ਸਿੱਧਾ ਧਰਮ ਨਾਲ ਰਿਹਾ ਹੈ ਤੇ ਧਰਮ ਦਾ ਸੰਬੰਧ ਆਤਮਾ ਨਾਲ ਹੈ। ਸੋ ਸੰਗੀਤ ਨਾਲ ਆਤਮਾ ਨੂੰ ਸਹਿਜ ਸੁਭਾ ਖੁਰਾਕ ਮਿਲਦੀ ਹੈ ਜਿਸ ਨਾਲ ਉਦਾਸਿਆ ਹੋਇਆ ਮਨ ਪ੍ਰਸੰਨਤਾ ਦੀਆਂ ਲਹਿਰਾਂ ਨਾਲ ਭਰ ਜਾਂਦਾ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਰਚੀ ਬਾਣੀ ਰਾਗਾਂ ਵਿੱਚ ਵਿਦਮਾਨ ਹੈ। ਸਤਿਗੁਰਾਂ ਨੇ ਆਪਣੇ ਸੰਦੇਸ਼ ਨੂੰ ਪ੍ਰਚਾਰਨ ਲਈ ਰਾਗ ਤੇ ਕਾਵਿ ਦਾ ਆਸਰਾ ਲਿਆ ਤਾਂ ਜੋ ਇਹਨਾਂ ਕੋਮਲ ਹੁਨਰਾਂ ਨਾਲ ਮਨੁੱਖੀ ਮਨ ਨੂੰ ਟੁੰਭਿਆ ਜਾ ਸਕੇ। ਇਸੇ ਰਾਗ ਤੇ ਕਾਵਿ ਦੇ ਸੁਮੇਲ ਨੂੰ ਕੀਰਤਨ ਦਾ ਨਾਮ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਸਾਰੀ ਮਨੁੱਖਤਾ ਨੂੰ ਅਕਾਲ ਪੁਰਖ ਦਾ ਸੰਦੇਸ਼ ਕੀਰਤਨ ਰਾਹੀਂ ਹੀ ਪ੍ਰਚਾਰਿਆ। ਉਨ੍ਹਾਂ ਤੋਂ ਬਾਅਦ ਗੁਰੂ ਅਰਜਨ ਸਾਹਿਬ ਵੇਲੇ ਜਦੋਂ ਸੱਤੇ ਤੇ ਬਲਵੰਡ ਨੇ ਗੁਰੂ ਘਰ ਵਿਚ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਗੁਰੂ ਅਰਜਨ ਦੇਵ ਜੀ ਨੇ ਆਪ ਕੀਰਤਨ ਸ਼ੁਰੂ ਕਰ ਦਿੱਤਾ ਤੇ ਗੁਰਸਿੱਖਾਂ ਨੂੰ ਵੀ ਕੀਰਤਨ ਕਰਨ ਲਈ ਪ੍ਰੇਰਿਆ ਤੇ ਫੁਰਮਾਇਆ :—

ਕੀਰਤਨ ਨਿਰਮੋਲਕ ਹੀਰਾ, ਅਨਦ ਗੁਣੀ ਗਹੀਰਾ ॥

ਵੀਂਹਵੀਂ ਸਦੀ ਵਿਚ ਇਸ ਨਿਰਮੋਲਕ ਕੀਰਤਨ ਦੀ ਪਰੰਪਰਾ ਨੂੰ ਸੁਰਜੀਤ ਕਰਨ ਪ੍ਰਚਾਰਨ ਤੇ ਨਾਮ ਜਪਾਉਣ ਵਾਸਤੇ ਅਕਾਲ ਪੁਰਖ ਨੇ ਇਹ ਸੇਵਾ ਭਾਈ ਸਮੁੰਦ ਸਿੰਘ ਜੀ ਦੇ ਜ਼ਿੰਮੇ ਲਗਾਈ। ਉਹ ਆਪਣੀ ਸੰਗੀਤ ਕਲਾ, ਮਧੁਰ ਅਵਾਜ਼, ਗੁਰਬਾਣੀ ਗਿਆਨ ਸੁੰਦਰ ਸਰੂਪ, ਗੁਰਮੁਖ ਜੀਵਨ ਤੇ ਨਿਵੇਕਲੀ ਕੀਰਤਨ ਸ਼ੈਲੀ ਸਦਕਾ ਆਪਣੇ ਸਮੇਂ ਦੇ ਯੁਗ ਪੁਰਸ਼ ਅਖਵਾਏ।

ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਆਪ ਜੀ ਦੀ ਗਾਇਕੀ ਤੋਂ ਬਹੁਤ ਪ੍ਰਭਾਵਿਤ ਸਨ ਤੇ ਉਨ੍ਹਾਂ ਦੇ ਮਨ ਵਿਚ ਭਾਈ ਸਾਹਿਬ ਲਈ ਬਹੁਤ ਸਤਿਕਾਰ ਸੀ। ਖਾਂ ਸਾਹਿਬ ਨੇ ਜਦੋਂ ਪਹਿਲੀ ਵਾਰ ਲਾਹੌਰ ਰੇਡੀਓ ਸਟੇਸ਼ਨ ਤੋਂ ਭਾਈ ਸਾਹਿਬ ਦੁਆਰਾ ਗਾਇਨ ਕੀਤੇ ਸ਼ਬਦਾਂ ਨੂੰ ਸੁਣਿਆਂ ਤਾਂ ਉਨ੍ਹਾਂ ਸਹਿਜ ਸੁਭਾ ਕਿਹਾ, "ਭਾਈ ਸਮੁੰਦ ਸਿੰਘ

ਸਿੱਖੋਂ ਮੇਂ ਨਹਾਇਤ ਹੀ ਸ਼ੁੱਧ ਸੁਰ ਔਰ ਫਨ ਕਾ ਏਕ ਹੀ ਫਨਕਾਰ ਹੈ।" ਸ੍ਰੀ ਦਲੀਪ ਚੰਦਰ ਬੇਦੀ (ਸੰਗੀਤ ਉਸਤਾਦ) ਨੇ ਭਾਈ ਸਾਹਿਬ ਨੂੰ ਸੁਰ ਦਾ ਬਾਦਸ਼ਾਹ ਤੇ ਬਹਿਰੇ-ਮੌਸੀਕੀ ਕਹਿ ਕੇ ਸਲਾਹਿਆ। ਪ੍ਰਸਿੱਧ ਲਿਖਾਰੀ ਸ: ਗੁਰਬਖਸ਼ ਸਿੰਘ (ਪ੍ਰੀਤਲੜੀ) ਆਪਣੀ ਜੀਵਨ-ਕਥਾ ਵਿਚ ਲਿਖਦੇ ਹਨ ਜਦੋਂ ਚੀਫ ਖਾਲਸਾ ਦੀਵਾਨ ਵੱਲੋਂ ਰਾਜਸੀ ਕਾਨਫਰੰਸਾਂ ਹੁੰਦੀਆਂ ਤਾਂ ਉਥੇ ਸੰਗਤਾਂ ਵੱਲੋਂ. ਕਾਕਾ ਸਮੁੰਦ ਸਿੰਘ ਪਾਸੋਂ ਵਿਸ਼ੇਸ਼ ਤੌਰ ਤੇ ਸ਼ਬਦ ਸੁਨਣ ਦੀ ਫਰਮਾਇਸ਼ ਕੀਤੀ ਜਾਂਦੀ।

ਇਥੇ ਹੀ ਬਸ ਨਹੀਂ ਬਲਰਾਜ ਸਾਹਨੀ ਵਰਗੇ ਕਲਾਕਾਰ ਨੇ ਭਾਈ ਸਾਹਿਬ ਦੀ ਕਲਾ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੂੰ ਵੀਹਵੀਂ ਸਦੀ ਦੇ ਪੰਜਾਬ ਵਿਚ ਜਨਮੇ ਚਾਰ ਕਲਾਕਾਰਾਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਉਨ੍ਹਾਂ ਅਨੁਸਾਰ ਪੰਜਾਬੀ ਲੇਖਕਾਂ ਵਿਚ ਸ: ਗੁਰਬਖਸ਼ ਸਿੰਘ (ਪ੍ਰੀਤਲੜੀ) ਚਿੱਤਰਕਾਰਾਂ ਵਿਚ ਸ੍ਰ. ਸੋਭਾ ਸਿੰਘ, ਸ਼ਾਸਤ੍ਰੀ ਸੰਗੀਤ ਵਿਚ ਉਸਤਾਦ ਬੜੇ ਗੁਲਾਮ ਅਲੀ ਖਾਂ (ਪਟਿਆਲਾ ਘਰਾਣਾ) ਤੇ ਗੁਰਮਤਿ ਸੰਗੀਤ ਵਿਚ ਭਾਈ ਸਮੁੰਦ ਸਿੰਘ ਜੀ ਹਨ।

ਪਰਮ ਸੰਤ ਬਾਬਾ ਅਤਰ ਸਿੰਘ ਜੀ (ਮਸਤੂਆਣੇ ਵਾਲਿਆਂ ਨੇ) ਆਪ ਦੀ ਸੁੰਦਰ ਆਵਾਜ਼ ਤੇ ਕੀਰਤਨ ਸ਼ੈਲੀ ਤੋਂ ਪ੍ਰਭਾਵਤ ਹੋ ਕੇ ਆਪ ਨੂੰ ਅਨੇਕਾਂ ਅਸੀਸਾਂ ਬਖਸ਼ੀਆਂ। ਭਾਈ ਸਮੁੰਦ ਸਿੰਘ ਦੇ ਪ੍ਰਸ਼ੰਸਕ ਹਰ ਫਿਰਕੇ ਨਾਲ ਸਬੰਧਤ ਸਨ। ਲਾਹੌਰ ਦੇ ਰਹਿਣ ਵਾਲੇ ਇਕ ਮੁਸਲਮਾਨ ਸਰੋਤੇ ਮੁਹੰਮਦ ਜ਼ਹੀਰ ਅਹਿਮਦ ਜ਼ਹੀਰ ਨੇ ਅਪਣੀ ਪਤਨੀ ਦੀ ਮਾਨਸਿਕ ਦਸ਼ਾ ਨੂੰ ਪ੍ਰਗਟ ਕਰਦੇ ਹੋਏ ਦਸਿਆ ਕਿ ਉਹ ਭਾਈ ਸਾਹਿਬ ਦੀ ਕੀਰਤਨ ਕਲਾ ਦੀ ਕਸ਼ਿਸ਼ ਤੇ ਕਮਾਲ ਤੋਂ ਬੇਹਦ ਪ੍ਰਭਾਵਤ ਸੀ। ਉਸ ਨੇ ਕਿਹਾ, "ਜਦੋਂ ਵੀ ਮੈਂ ਰੇਡੀਓ ਤੋਂ ਭਾਈ ਸਮੁੰਦ ਸਿੰਘ ਦਾ ਕਲਾਮ ਸੁਣਦੀ ਹਾਂ ਤਾਂ ਮੈਂ ਸਭ ਕੁਝ ਭੁੱਲ ਜਾਂਦੀ ਹਾਂ। ਮੈਨੂੰ ਅੱਲਾ ਤਾਅਲਾ ਦਾ ਨੂਰ ਰੇਡੀਓ ਵਿਚ ਵਸਦਾ ਪ੍ਰਤੀਤ ਹੁੰਦਾ ਹੈ।"

ਭਾਈ ਸਾਹਿਬ ਨੂੰ ਕੀਰਤਨ ਦਾ ਇਹ ਮੁਹਾਰਤ ਤੇ ਨਿਪੁੰਨਤਾ ਲਗਾਤਾਰ ਮਿਹਨਤ, ਤਿਆਗ ਤੇ ਤਪੱਸਿਆ ਕਾਰਨ ਹਾਸਲ ਹੋਈ। ਕੀਰਤਨ ਦੀ ਲਗਨ ਆਪ ਨੂੰ ਵਿਰਸੇ ਵਿੱਚੋਂ ਲੱਗੀ। ਆਪ ਜੀ ਦਾ ਪ੍ਰਵਾਰ ਪਿਛਲੀਆਂ ਚਾਰ ਪੁਸ਼ਤਾਂ ਤੋਂ ਕੀਰਤਨ ਦੀ ਸੇਵਾ ਕਰ ਰਿਹਾ ਸੀ। ਆਪ ਜੀ ਦੇ ਪਿਤਾ ਭਾਈ ਹਜ਼ੂਰਾ ਸਿੰਘ ਜੀ ਤਾਊਸ ਨਾਲ ਕੀਰਤਨ ਕਰਿਆ ਕਰਦੇ ਸਨ। ਆਪ ਜੀ ਦੇ ਚਾਚਾ ਭਾਈ ਗੁਰਦਿੱਤ ਸਿੰਘ ਜੀ ਤਬਲਾ ਵਜਾਂਦੇ ਤੇ ਆਪ ਉਨ੍ਹਾਂ ਦੀ ਸੰਗਤ ਦਾ ਰਸ ਮਾਣਦੇ। ਭਾਈ ਹੀਰਾ ਸਿੰਘ ਫਰੁਕੇ ਵਾਲਿਆਂ ਨੇ ਆਪ ਨੂੰ ਰਾਗ ਵਿੱਦਿਆ ਵਿਚ ਨਿਪੁੰਨ ਕੀਤਾ। ਭਾਈ ਸ਼ੇਰ ਸਿੰਘ ਤੇ ਭਾਈ ਪਿਆਰਾ ਸਿੰਘ (ਰਬਾਬੀ) ਤੋਂ ਵੀ ਆਪ ਨੂੰ ਉਤਸ਼ਾਹ ਮਿਲਿਆ।

ਭਾਈ ਸਾਹਿਬ ਦਾ ਜਨਮ ਪਿੰਡ ਮੂਲਾਂ ਹਮਜ਼ਾ ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਮਾਰਚ 1900 ਵਿਚ ਹੋਇਆ। ਆਪ ਅਜੇ ਸਿਰਫ ਸੱਤ ਸਾਲ ਦੇ ਹੀ ਸਨ ਜਦੋਂ ਗੁਰਬਾਣੀ ਕੀਰਤਨ ਵਿਚ ਰੁਚਿਤ ਹੋ ਗਏ। ਆਪ ਦੀ ਮਿੱਠੀ ਤੇ ਮਧੁਰ ਆਵਾਜ਼ ਸੁਨਣ ਲਈ ਸਰੋਤੇ ਘੰਟਿਆਂ ਬੱਧੀ-ਸੰਗਤ ਵਿਚ ਬੈਠੇ ਉਡੀਕਦੇ ਰਹਿੰਦੇ ਤੇ ਸ਼ਬਦ ਕੀਰਤਨ ਸੁਣ ਰਸ-ਮੁਗਧ ਹੁੰਦੇ।

ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਆਪ ਨੇ 28 ਸਾਲ ਕੀਰਤਨ ਦੀ ਸੇਵਾ ਨਿਭਾਈ ! ਇੰਨੇ ਲੰਮੇ ਅਰਸੇ ਤਕ ਇਕ ਸਥਾਨ ਤੇ ਲਗਾਤਾਰ ਕੀਰਤਨ ਕਰਨ ਦਾ ਮਾਣ ਕੇਵਲ ਭਾਈ ਸਾਹਿਬ ਨੂੰ ਹੀ ਪ੍ਰਾਪਤ ਹੋਇਆ । ਆਪ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਾਰੇ ਰਾਗਾਂ ਵਿਚ ਕੀਰਤਨ ਕਰ ਸਕਦੇ ਸਨ, ਪਰ ਚੋਣਵੇਂ ਰਾਗਾਂ ਵਿਚ ਸੋਰਠਿ, ਬਹਾਰ, ਪਹਾੜੀ, ਮੁਲਤਾਨੀ, ਦੇਸੀ, ਕਾਨੜਾ ਜੈਜੈਵੰਤੀ ਗਾਉਂਦੇ । ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਟੁੱਟ ਖਜ਼ਾਨਾ ਸੀ, ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਆਵਾਜ਼ ਦੀ ਹਰਕਤ, ਤਾਨ ਦੀ ਸਫਾਈ, ਬੋਲ ਵੰਡ ਆਦਿ ਆਪ ਦੀ ਗਾਇਕੀ ਦੇ ਵਿਸ਼ੇਸ਼ ਗੁਣ ਸਨ । ਆਪ ਕੀਰਤਨ ਨੂੰ ਠੁਮਰੀ ਅੰਗ ਨਾਲ ਗਾਇਨ ਕਰਨ ਵਿਚ ਵੀ ਪ੍ਰਬੀਨ ਸਨ । ਆਪ ਇਕ ਸ਼ਬਦ ਨੂੰ ਵੱਖ ਵੱਖ ਬਿਖੜੀਆਂ ਰੀਤਾਂ ਤੇ ਤਾਲਾਂ ਵਿਚ ਗਾਇਨ ਕਰਨ ਦੇ ਵੀ ਸਮਰਥ ਸਨ । ਤਾਨ ਵਿਚ ਸਫਾਈ ਤੇ ਸਪਸ਼ਟਤਾ ਅਤਿ ਦਰਜੇ ਦੀ ਸੀ । ਧਰੁਪਦ ਧੁਮਾਰ ਵੀ ਗਾਉਂਦੇ ਸਨ । ਕੀਰਤਨ ਗਾਇਕੀ ਦੇ ਨਾਲ ਨਾਲ ਬਾਣੀ ਦੀ ਸੂਝ, ਸ਼ੁੱਧ ਤੇ ਸਪਸ਼ਟ ਉਚਾਰਨ, ਬਾਣੀ ਦੀ ਵਿਆਖਿਆ ਸਰੋਤਿਆਂ ਨੂੰ ਕੀਲ ਲੈਂਦੀ ।

ਭਾਈ ਸਮੁੰਦ ਸਿੰਘ ਪਹਿਲੇ ਸਿੱਖ ਕੀਰਤਨੀਏ ਸਨ ਜਿਨ੍ਹਾਂ ਦੇ ਸ਼ਬਦਾਂ ਨੂੰ ਲਾਹੌਰ ਰੇਡਿਓ ਸਟੇਸ਼ਨ ਤੋਂ ਬ੍ਰਾਡਕਾਸਟ ਕਰਨ ਲਈ ਚੁਣਿਆ ਗਿਆ । ਆਪ ਦੀ ਕੀਰਤਨ-ਪ੍ਰਬੀਨਤਾ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਭਾਈ ਮਰਦਾਨਾ ਐਵਾਰਡ ਦੇ ਕੇ ਸਨਮਾਨਿਤ ਕੀਤਾ ।

ਸੰਗੀਤ-ਨਿਰਮਾਤਾ ਸ੍ਰ: ਐਸ. ਮਹਿੰਦਰ ਨੇ ਬੇਨਤੀ ਕਰਕੇ ਧਾਰਮਿਕ ਫਿਲਮ ਨਾਨਕ ਨਾਮ ਜ਼ਹਾਜ ਹੈ' ਲਈ ਦੋ ਸ਼ਬਦ ਰਿਕਾਰਡ ਕਰਵਾਏ । ਇਸ ਤੋਂ ਬਿਨ੍ਹਾਂ ਸ੍ਰ: ਇੰਦਰ ਜੀਤ ਸਿੰਘ ਚੈਅਰਮੈਨ ਪੀ. ਐਸ. ਬੀ. ਫਾਇਨੈਂਸ ਕੰਪਨੀ ਦੇ ਉਪਰਾਲੇ ਨਾਲ ਅਕਾਸ਼ਵਾਣੀ ਤੋਂ ਚੋਣਵੇਂ ਸ਼ਬਦਾਂ ਨੂੰ ਪ੍ਰਾਪਤ ਕਰਕੇ ਦੋ ਲਾਗ ਪਲੇਅਰ ਰਿਕਾਰਡ ਤਿਆਰ ਕਰਵਾਏ । ਅੱਜ ਵੀ ਆਪ ਦਾ ਹਰਮੋਨੀਅਮ ਸਿੱਖ ਅਜਾਇਬ ਘਰ ਵਿਚ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਦਾ ਹੈ ।

ਭਾਵੇਂ ਆਪ ਜੀ ਦੀ ਉਜਲ-ਦੀਦਾਰੀ ਸਖਸ਼ੀਅਤ 5 ਜਨਵਰੀ 1972 ਨੂੰ ਇਸ ਸੰਸਾਰ ਤੋਂ ਵਿਦਾਇਗੀ ਲੈ ਗਈ ਪਰ ਕੀਰਤਨ ਪ੍ਰੇਮੀ ਅੱਜ ਵੀ ਉਨ੍ਹਾਂ ਦੀ ਅਮਿੱਟ ਯਾਦ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰਜੀਤ ਕਰਨ ਲਈ ਲਗਾਤਾਰ ਉਪਰਾਲੇ ਕਰਦੇ ਜਾ ਰਹੇ ਹਨ । ਉਨ੍ਹਾਂ ਦੇ ਨਾਮ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ 1980 ਵਿਚ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਆਰੰਭ ਕੀਤੀ ਗਈ ਜਿਸ ਰਾਹੀਂ ਬੱਚਿਆਂ ਨੂੰ ਭਾਈ ਸਾਹਿਬ ਦੀ ਕੀਰਤਨ ਸ਼ੈਲੀ ਦੇ ਅਧਾਰ ਤੇ ਸਿਖਲਾਈ ਦਿੱਤੀ ਜਾਂਦੀ ਹੈ ।

ਸੋ ਅੱਜ ਅਸੀਂ ਇਹ ਫ਼ਖਰ ਮਹਿਸੂਸ ਕਰ ਰਹੇ ਹਾਂ ਕਿ ਸਿੱਖ ਕੌਮ ਦੇ ਇਸ ਵੱਡ-ਮੁੱਲੇ ਹੀਰੇ ਦੀ ਮਧੁਰ ਅਵਾਜ਼, ਸ਼ੁੱਧ ਸਪਸ਼ਟ ਉਚਾਰਨ, ਸ਼ਬਦ ਤੇ ਸਵੱਰ ਦੀ ਇਕਸੁਰਤਾ ਤੇ ਨਿਵੇਕਲੀ ਕੀਰਤਨ ਸ਼ੈਲੀ ਨੂੰ ਕੈਸਟਾਂ ਦੇ ਰੂਪ ਵਿਚ ਸੰਭਾਲੇ ਜਾਣ ਦੇ ਉਪਰਾਲੇ ਹੋ ਰਹੇ ਹਨ ਤਾਂ ਜੋ ਆਉਣ ਵਾਲੇ ਸਮੇਂ ਵਿਚ ਗੁਰਬਾਣੀ ਗਾਇਨ ਕਰਨ ਵਾਲੇ ਸ਼ਰਧਾਲੂ ਉਨ੍ਹਾਂ ਤੋਂ ਕੁਝ ਪ੍ਰਾਪਤ ਕਰ ਸਕਣ । ●

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

—ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਅਕਤੂਬਰ 1991 ਤੋਂ ਅੱਗੇ)

ਸਲੋਕੁ ਮ: ੧

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ।
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ।
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ।
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ।

ਵਿਆਖਿਆ :—ਉਪਰੋਕਤ ਸਲੋਕ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਅੰਕ 467 ਤੇ ਦਰਜ ਹੈ। ਇਸ ਵਿਚ ਹਜ਼ੂਰ ਨੇ ਪਹਿਲਾਂ ਪੜ੍ਹਨ ਕਰਕੇ ਮਾਨ-ਅਭਿਮਾਨ ਵਧਾਉਣ ਅਤੇ ਅਗਲੇ ਸਲੋਕ ਵਿਚ ਤਪਾਂ, ਹਠਾਂ ਅਤੇ ਹੋਰ ਕਰਮਕਾਂਡਾਂ ਨੂੰ ਹਉਮੈ ਅਤੇ ਮੂਰਖਤਾ ਅਥਵਾ ਅਗਿਆਨਤਾ ਦੇ ਕੰਮ ਦਸ ਕੇ ਅਗਲੀ ਪਉੜੀ ਵਿਚ ਨਾਮ ਦੀ ਪ੍ਰੌੜਤਾ ਦਸ ਕੇ ਭਗਤਾਂ ਰਾਹੀਂ ਉਸ ਮਾਲਕ ਨਾਲ ਮਿਲਾਪ ਹੋਣ ਦਾ ਵਰਨਣ ਦਰਜ ਕੀਤਾ ਹੈ।

ਅਰਥ :—ਬਹੁਤ ਪੜ੍ਹੇ ਮਤ-ਦਿਗਵਿਜਈ ਪੰਡਤ ਪੋਥੀਆਂ ਨਾਲ ਰੱਖਦੇ ਸਨ। ਗੱਡਿਆਂ ਵਿਚ ਅਤੇ ਹੋਰ ਸਵਾਰੀ ਊਠਾਂ ਆਦਿ ਤੇ ਲੱਦ ਕੇ ਦਰਿਆ ਦੇ ਤਟ ਤੇ ਬੇੜੀਆਂ ਆਦਿ ਰਾਹੀਂ ਨਾਲ ਲਈ ਫਿਰਦੇ ਸਨ। ਘਰੀਂ ਟਿਕਣ ਸਮੇਂ ਤਹਿ ਖਾਨਿਆਂ ਤੇ ਭੋਰਿਆਂ ਵਿਚ ਸਾਂਭਦੇ ਸਨ ਤਾਂ ਜੋ ਉਹਨਾਂ ਦਾ ਇਹ ਅਮੋਲਕ ਖਜਾਨਾ ਚੋਰੀ ਜਾਂ ਜ਼ਾਇਆ ਨਾ ਹੋ ਜਾਵੇ। ਸਲੋਕ ਵਿਚ ਕਿੰਨੀ ਸਰਲਤਾ ਨਾਲ ਸਾਹਿਬ ਜੀ ਨੇ ਉਸ ਵਕਤ ਦਾ ਨਕਸ਼ਾ ਖਿੱਚ ਦਿੱਤਾ ਹੈ। ਸਾਹਿਬ ਫੁਰਮਾਉਂਦੇ ਹਨ ਕਿ ਦਿਨ ਮਹੀਨੇ ਸਾਲ ਅਤੇ ਸਾਰੀ ਉਮਰ ਪੜ੍ਹਦੇ ਹੀ ਰਹੀਏ ਭਾਵ ਲਗਾਤਾਰ ਪੜ੍ਹਾਈ ਵਿਚ ਜੁਟੇ ਹੀ ਰਹੀਏ ਪਰ ਵਾਹਿਗੁਰੂ ਦੇ ਦਰ ਲੇਖੇ ਪੈਣ ਵਾਲੀ ਤਾਂ ਇਕੋ ਗੱਲ 'ਨਾਮ' ਹੈ। ਜਿਸ ਦੀ ਪ੍ਰੌੜਤਾ ਗੁਰੂ ਨਾਨਕ ਪਾਤਸ਼ਾਹ ਦੇ ਪੰਜਵੇਂ ਸਰੂਪ ਸੂਹੀ ਰਾਗ ਵਿਚ ਇੰਜ ਕਰਦੇ ਹਨ :—

ਬੇਦ ਕਤੇਬ ਸਿਮ੍ਰਿਤ ਸਭਿ ਸਾਸਤ੍ਰ ਇਨ ਪੜਿਆ ਮੁਕਤਿ ਨ ਹੋਈ ।
ਏਕ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ।

(ਸੂਹੀ ਮ: ੫)

ਮਹਲਾ ੨ ।

ਲਿਖਿ ਲਿਖਿ ਪੜਿਆ ਤੇਤਾ ਕੜਿਆ ।
ਬਹੁ ਤੀਰਥ ਭਵਿਆ ਤੇਤੋ ਲਵਿਆ ।
ਬਹੁ ਭੇਖ ਕੀਆ ਦੇਹੀ ਦੁਖੁ ਦੀਆ ।
ਸਹੁ ਵੇ ਜੀਆ ਅਪਣਾ ਕੀਆ ।

ਅੰਨ ਨ ਖਾਇਆ ਸਾਦੁ ਗਵਾਇਆ ।
ਬਹੁ ਦੁਖੁ ਪਾਇਆ ਦੂਜਾ ਭਾਇਆ ।
ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ ।
ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ ।
ਪਗ ਉਪੇਤਾਣਾ ਅਪਣਾ ਕੀਆ ਕਮਾਣਾ ।
ਅਲੁ ਮਲੁ ਖਾਈ ਸਿਰਿ ਛਾਈ ਪਾਈ ।
ਮੂਰਖਿ ਅੰਧੈ ਪਤਿ ਗਵਾਈ ।
ਵਿਣੁ ਨਾਵੈ ਕਿਛੁ ਥਾਇ ਨ ਪਾਈ ।
ਰਹੈ ਬੇਬਾਣੀ ਮੜੀ ਮਸਾਣੀ ।
ਅੰਧੁ ਨ ਜਾਣੈ ਫਿਰਿ ਪਛੁਤਾਣੀ ।
ਸਤਿਗੁਰੁ ਭੇਟੈ ਸੋ ਸੁਖ ਪਾਏ ।
ਹਰਿ ਕਾ ਨਾਮੁ ਮੰਨਿ ਵਸਾਏ ।
ਨਾਨਕ ਨਦਰਿ ਕਰੇ ਸੋ ਪਾਏ ।
ਆਸ ਅੰਦੇਸੇ ਤੇ ਨਿਹਕੇਵਲੁ
ਹਉਮੈ ਸਬਦਿ ਜਲਾਏ ।੨।

ਵਿਆਖਿਆ :—ਦੂਜਿਆਂ ਦੀਆਂ ਲਿਖੀਆਂ ਜਿਤਨੀਆਂ ਪੁਸਤਕਾਂ ਪੜ੍ਹ ਕੇ ਫਿਰ ਆਪ ਲਿਖ ਲਿਖ ਕੇ ਜੋ ਪੜ੍ਹਦਾ ਹੈ, ਉਹ ਮਾਨੋਂ ਉਤਨਾ ਹੀ ਕੁੜ੍ਹਦਾ ਰਹਿੰਦਾ ਹੈ। ਭਾਵ ਉਸ ਨੂੰ ਟਿਕਾਓ ਨਹੀਂ ਆਉਂਦਾ। ਤੀਰਥਾਂ ਆਦਿ ਉਤੇ ਭ੍ਰਮਣ ਕਰਦਾ ਫਿਰਦਾ ਹੈ। ਸੋ ਜਿਤਨੇ ਬਹੁਤੇ ਭੇਖ ਕਰਦਾ ਹੈ, ਉਤਨਾਂ ਹੀ ਸਰੀਰ ਨੂੰ ਔਖਿਆਂ ਕਰਨ ਵਾਲੀਆਂ ਹਰਕਤਾਂ ਕਰਦਾ ਹੈ। ਅਜਿਹੇ ਕਰਮ ਕਰਦੇ ਹਰ ਕਿਸੇ ਦਾ ਨਕਸ਼ਾ ਹੀ ਹਜ਼ੂਰ ਨੇ ਇਸ ਸਲੋਕ ਵਿਚ ਖਿੱਚ ਕੇ ਵਿਖਾ ਦਿੱਤਾ ਹੈ, ਜਿਵੇਂ ਕਠਨ ਵਰਤ ਰੱਖਣੇ, ਅੰਨ ਨਾ ਖਾਣਾ, ਪਾਣੀ ਵੀ ਨਾ ਪੀਣਾ, ਕੱਪੜੇ ਵੀ ਨਾ ਪਾਉਣੇ, ਗਰਮੀ ਸਰਦੀ ਮੌਸਮ ਤੋਂ ਉਲਟ ਸਰੀਰ ਨੂੰ ਕਸ਼ਟ ਦੇਣੇ। ਗਰਮੀ ਵਿਚ ਧੂਣੀਆਂ ਰਮਾਂ ਕੇ ਉਥੇ ਨੰਗੇ ਪਿੰਡੇ ਬੈਠਣਾ ਜਾਂ ਇਕ ਲੱਤ ਤੇ ਖੜ੍ਹੇ ਹੋ ਕੇ ਦਿਖਾਵਾ ਕਰਨਾ ਆਦਿ। ਸਾਹਿਬ ਜੀ ਦੱਸ ਰਹੇ ਹਨ ਕਿ ਇਹ ਕੋਈ ਭਗਤੀ ਮਾਰਗ ਨਹੀਂ। ਇਹ ਤਾਂ ਸਿਰਫ ਦਿਖਾਵੇ ਕਾਰਨ ਹੀ ਬਹੁਤ ਦੁੱਖ ਪਾਉਣ ਵਾਲੀ ਗੱਲ ਹੈ। ਕੁਝ ਵੀ ਨਾ ਖਾਣਾ ਅਤੇ ਆਪਣੇ ਸੁਆਦ ਨੂੰ ਗੁਆ ਕੇ ਫਾਕਾ-ਕਸ਼ੀ ਕਰਨਾ ਇਕ ਕਿਸਮ ਦਾ ਭੇਖ ਦੀ ਹੀ ਸਜ਼ਾ ਭੁਗਤਣਾ ਹੈ। ਮੋਨੀ ਹੋ ਬਹਿਣਾ ਪਾਖੰਡ ਕਾਰਨ ਸਜ਼ਾ ਭੁਗਤਣਾ ਹੈ। ਗੁਰੂ ਦੇ ਸ਼ਬਦ ਦੇ ਗਿਆਨ ਬਿਨ੍ਹਾਂ, ਆਪਣੀ ਕੀਤੀ ਮੂਰਖਤਾ ਨਾਲ ਸਰੀਰ ਨੂੰ ਕਸ਼ਟ ਦਿੰਦਾ ਹੈ। ਕੰਡਿਆਂ ਆਦਿ ਵਿਚ ਨੰਗੇ ਪੈਰ ਤੁਰਨਾ ਫਿਰਨਾ ਅਤੇ ਮਸਾਣਾ ਵਿਚ ਡੇਰੇ ਲਾ ਕੇ ਕੁਚੀਲ ਰਹਿਣਾ। ਗੰਦ ਮੰਦ ਬਦਬੂ ਵਿਚ ਹੀ ਬੈਠੇ ਰਹਿਣਾ ਤਾਂ ਸੰਸਾਰ ਵਿਚ ਰਹਿੰਦਿਆਂ ਹੋਇਆਂ ਆਪਣੀ ਇੱਜ਼ਤ ਦਾ ਦਵਾਲਾ ਕੱਢਣ ਵਾਲੀ ਗੱਲ ਹੋਈ। ਮਨੁੱਖਾ

(ਬਾਕੀ ਸਫਾ 35 ਤੇ)

### ਸੁਰਲਿੱਪੀ ਵਾਲੇ ਸ਼ਬਦ ਦੇ ਅਰਥ

# ਤਿਲੰਗ ਮਹਲਾ ੯ ॥ਕਾਫੀ॥

ਚੇਤਨਾ ਹੈ ਤਉ ਚੇਤ ਲੈ
ਨਿਸਿ ਦਿਨਿ ਮੈ ਪ੍ਰਾਨੀ ॥
ਛਿਨੁ ਛਿਨੁ ਅਉਧ ਬਿਹਾਤੁ ਹੈ
ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥

**ਅਰਥ :** ਹੇ ਮਨੁੱਖ ! ਜੇ ਤੂੰ ਪਰਮਾਤਮਾ ਦਾ ਨਾਮ ਸਿਮਰਨਾ ਹੈ, ਤਾਂ ਦਿਨ ਰਾਤ ਇਕ ਕਰ ਕੇ ਸਿਮਰਨਾ ਸ਼ੁਰੂ ਕਰ ਦੇ (ਕਿਉਂਕਿ) ਜਿਵੇਂ ਤ੍ਰੁਟੇ ਹੋਏ ਘੜੇ ਵਿਚੋਂ ਪਾਣੀ (ਸਹਿਜੇ ਸਹਿਜੇ ਨਿਕਲਦਾ ਰਹਿੰਦਾ ਹੈ, ਤਿਵੇਂ ਹੀ) ਇਕ ਇਕ ਛਿਨ ਕਰ ਕੇ ਉਮਰ ਬੀਤਦੀ ਜਾ ਰਹੀ ਹੈ ।੧। ਰਹਾਉ ।

ਹਰਿ ਗੁਨ ਕਾਹਿ ਨ ਗਾਵਹੀ
ਮੂਰਖ ਅਗਿਆਨਾ ॥
ਝੂਠੈ ਲਾਲਚਿ ਲਾਗਿ ਕੈ
ਨਹਿ ਮਰਨੁ ਪਛਾਨਾ ॥੧॥

ਹੇ ਮੂਰਖ ! ਹੇ ਬੇ ਸਮਝ ! ਤੂੰ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੀਤ ਕਿਉਂ ਨਹੀਂ ਗਾਂਦਾ ? ਮਾਇਆ ਦੇ ਝੂਠੇ ਲਾਲਚ ਵਿਚ ਫਸ ਕੇ ਤੂੰ ਮੌਤ ਨੂੰ ਭੀ ਚੇਤੇ ਨਹੀਂ ਕਰਦਾ ।੧।

ਅਜਹੂ ਕਛੁ ਬਿਗਰਿਓ ਨਹੀ
ਜੋ ਪ੍ਰਭ ਗੁਨ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ
ਨਿਰਭੈ ਪਦੁ ਪਾਵੈ ।੨॥੧॥

ਪਰ, ਹੇ ਨਾਨਕ ! ਆਖ —ਜੇ ਮਨੁੱਖ ਪਰਮਾਤਮਾ ਦੇ ਗੁਣ ਗਾਣੇ ਸ਼ੁਰੂ ਕਰ ਦੇਵੇ ਭਾਂਵੇਂ ਸਿਮਰਨ ਹੀਨਤਾ ਵਿਚ ਕਿਤਨੀ ਭੀ ਉਮਰ ਗੁਜ਼ਰ ਚੁੱਕੀ ਹੋਵੇ ਫਿਰ ਭੀ ਕੋਈ ਨੁਕਸਾਨ ਨਹੀਂ ਹੁੰਦਾ, ਕਿਉਂਕਿ ਉਸ ਪਰਮਾਤਮਾ ਦੇ ਭਜਨ ਦੀ ਬਰਕਤਿ ਨਾਲ ਮਨੁੱਖ ਉਹ ਆਤਮਕ ਦਰਜਾ ਪ੍ਰਾਪਤ ਕਰ ਲੈਂਦਾ ਹੈ, ਜਿਥੇ ਕੋਈ ਡਰ ਪੋਹ ਨਹੀਂ ਸਕਦਾ ।੨।

# ਰਾਗ ਤਿਲੰਗ

ਹਰਿਭਜਨ ਸਿੰਘ
(ਧੰਨਵਾਦ ਸਹਿਤ ਪ੍ਰੋ. ਤਾਰਾ ਸਿੰਘ)

| × | 2 | 3 | × | 2 | 3 |
|---|---|---|---|---|---|
| ਸਥਾਈ :— | | | | | |
| ਸਾ ਗ ਗ | ਮ — | ਪ ਨ਼ੀ ਮਪ | ਪਨੀ ਸਾਂ ਨੀ | ਸਾਂ — | ਨ਼ੀ ਪ |
| ਚ ਤ ਨਾ | ਹੈ s | ਤਉ ss | ਚੇs s ਤ | ਲੈ s | ਨਿ ਸਿ |
| × | 2 | 3 | × | 2 | 3 |
| ਪਨ਼ੀ ਪਸਾਂ ਨ਼ੀਪ | ਗ ਮ | ਗ — | ਨ਼ੀਨ਼ੀ ਨੀ ਨੀ | ਸਾਂ ਨੀ | ਸਾਂ ਸਾਂ |
| ਦਿs ਨਿs ਮੈਂs | ਪ੍ਰਾ s | ਨੀ s | ਛਿਨੁ ਛਿਨੁ | ਅਉ s | ਧ ਬਿ |
| × | 2 | 3 | × | 2 | 3 |
| ਪਨ਼ੀ ਸਾਂਰੇ ਸਾਂਨੀ | ਸਾਂ | ਨ਼ੀ ਪ | ਗ ਮ ਨ਼ੀਪ | ਗ ਮ | ਗ — |
| ਹਾs ss ਤੁs | ਹੈ s | ਫੂ ਟੈ | ਘ ਟ ਜਿਉs | ਪਾ s | ਨੀ s |
| × | 2 | 3 | × | 2 | 3 |
| | | ਅੰਤਰਾ :- | | | |
| ਗਗ ਮ ਮ | ਨ਼ੀ ਪ ਮਪ | ਗ ਮ | ਪਨ਼ੀ ਸਾਂ ਨੀ | ਸਾਂ — | — — |
| ਹਰਿਗੁ ਨ | ਕਾs ss | ਹਿ ਨ | ਗਾ s s ਵ | ਹੀ s | s s |
| — ਨੀ — | ਸਾਂ ਨੀ | ਸਾਂ ਸਾਂ | ਸਾਂਰੇਂ ਸਾਂਨੀ ਸਾਂਨ਼ੀ | ਪਨ਼ੀ ਪਮ | ਗਮ ਗ |
| s ਮੂ s | ਰ ਖ | ਅ ਗਿ | ਆs ss ss | ਨਾs ss | ss s |
| × | 2 | 3 | × | 2 | 3 |
| ਗਮ ਪਨ਼ੀ ਮਪ | ਨੀ | ਸਾਂ ਸਾਂ | ਗਂ — ਮਂ | ਗਂ — | ਸਾਂ — |
| ਝੂs ss ਠੈs | ਲਾ s | ਲ ਚਿ | ਲਾ s ਗਿ | ਕੈ s | s s |
| × | 2 | 3 | × | 2 | 3 |
| ਸਾਂਰੇ ਨੀਸਾਂ — | ਪ ਸਾਂ | ਨ਼ੀ ਪ | ਨ਼ੀਨ਼ੀ ਮਪ ਗਮ | ਪਸਾਂ ਨ਼ੀਪ | ਗਮ ਗ |
| ਨੁs ਹਿs s | ਮ ਰ | ਨੁ ਪ | ਛਾs ss ss | ss ਨਾs | ss s |
| × | 2 | 3 | × | 2 | 3 |

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਸੰਗੀਤ ਸਾਜ਼ ਤੇ ਤਾਲ ਵਾਦਨ ਸੰਬੰਧੀ ਅਨੇਕਾਂ ਨਾਮਾਂ ਦੁਆਰਾ ਵਰਣਨ

ਤੀਰਥ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਪੁ ਸਾਹਿਬ ਤੋਂ ਇਲਾਵਾ ਸੰਪੂਰਨ ਰਚਨਾ ਸੰਗੀਤਮਈ ਹੈ। ਇਹਨਾਂ ਤੋਂ ਬਾਅਦ 6 ਗੁਰੂ ਸਾਹਿਬਾਨ ਦੁਆਰਾ ਰਚੀ ਸੰਪੂਰਣ ਬਾਣੀ ਵੀ ਸੰਗੀਤ (ਰਾਗ-ਤਾਲ) ਸਿਰਲੇਖਾਂ ਦੁਆਰਾ ਸੁਜੱਸਜਿਤ ਹੈ। ਭਾਵੇਂ ਨਾਦਾਤਮਕ ਤੇ ਵਾਦਾਤ-ਮਨਕ ਧੁਨੀਆਂ ਹੀ ਸੰਗੀਤ ਤੇ ਪਿੰਗਲ ਹਨ। ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਦਸਮ ਗ੍ਰੰਥ ਸਰਬੰਜਹ ਗ੍ਰੰਥ ਵਿਚ ਹੇਠ ਲਿਖੇ ਬੇਅੰਤ ਨਾਮ ਵਰਨਣ ਹਨ

| | | | | | |
|---|---|---|---|---|---|
| 1. | ਤੂਰ | ਇਕ ਵਾਜਾ ਨਰ ਸਿੰਘਾਂ | 2. | ਬੇਨੁ | ਬੰਸਰੀ (ਸ਼ਹਿਨਾਈ |
| 3. | ਬੀਣਾ | ਤੰਤੀ ਵੀਨਾ, ਰੁਦਰਵੀਣਾ | 4. | ਪੱਛ ਵਾਦਯ | ਜੋੜੀ ਤਬਲਾ ਜਿਹੜਾ ਦੋ ਹਿੱਸਿਆਂ ਵਿਚ ਵੰਡਿਆ ਹੋਵੇ |
| 5. | ਰਬਾਬ | ਰਬਾਬ | 6. | ਸੰਖ | ਸੰਖ |
| 7. | ਮਾਰੂ | ਨਗਾਰਾ (ਧੌਂਸੈਂ) | 8. | ਨਾਇ | ਬੰਸਰੀ |
| 9. | ਢੋਲ | ਢੋਲ | 10. | ਨਗਾਰਾ | ਦਮਾਮਾ |
| 11. | ਮ੍ਰਿਦੰਗ | ਮ੍ਰਿਦੰਗ | 12. | ਮੁਚੰਗ | ਵਡੀ ਡੱਫ |
| 13. | ਬੀਨ | ਬੀਨ | 14. | ਸ਼ੈਪੁਰ (ਸ਼ਹਪੁਰ) | ਬਿਗਲ ਦੀ ਕਿਸਮ ਵਾਲੀ ਤੁਰਹੀ |
| 15. | ਭੇਲ | ਭੇਰੀ (ਨਗਾਰਾ) | 16. | ਮੁਚੰਗ | ਇਕ ਕਿਸਮ ਦਾ ਵਾਜਾ |
| 17. | ਡੱਫ | ਡਫਲੀ | 18. | ਚਾਪਟਾ | ਵਜੰਤ੍ਰੀ |
| 19. | ਖਰ ਚਾਪਟਾ | ਛੋਟੇ ਨਗਾਰੇ ਵਜਾਉਣ ਵਾਲੇ | 20. | ਸਤ-ਲਛ | ਬੀਨ |
| 21. | ਉਪੰਗ | ਇਕ ਪ੍ਰਕਾਰ ਦਾ ਵਾਜਾ ਨਸਤਰੰਗ | 22. | ਬਗਨ | ਭੀਲਾਂ ਦੀ ਸਹਨਾਈਆਂ |
| 23. | ਪਖਾਵਜ | ਜੋੜੀ ਤਬਲਾ (ਮ੍ਰਿਦੰਗ) | 24. | ਪਣਵ ਡੱਫ | ਛੋਟਾ ਢੋਲ |
| 25. | ਮੁਰਲੀ | ਬੰਸਰੀ | 26. | ਗੋਮੁਖ ਭੇਰਿ | ਨਰ ਸਿੰਘਾਂ |
| 27. | ਖੰਜਰੀ | ਖੰਜਰੀ | 28. | ਤੂਸ਼ | ਤਾਊਸ |
| 29. | ਮੰਜੀਰੇ | ਕੱਸੀਆਂ ਛੈਣੇ | 30. | ਖੜੰਗਨ | ਖੜਤਾਲਾਂ ਛੈਣੇ |
| 31. | ਬੀਨਜਲੀ | ਜਲਵੀਣਾ | 32. | ਵੰਝਲੀ | ਵੰਝਲੀ |
| 33. | ਸੋਰਿਰ | ਸੋਰਿਰਾਂ ਰਾਜਸਥਾਨੀ ਸਾਰੰਗੀ | 34. | ਖੜੰਗ | |
| 35. | ਸਰੰਦਾਂ | ਸਰੰਦਾਂ | 36. | ਤੰਬੂਰਾਂ | ਤਾਨਪੂਰਾ |
| 37. | ਮੋਰਬੇਨ | ਤਾਊਸ਼ | 38. | ਨੌਬਤਾਂ | ਨਗਾਰੇ |

39. ਤਰੰਗਬਾਰ ਜਲ ਤਰੰਗ

40. ਤਾਸ ਥਾਲੀ ਜਿਹੜੀ ਵਾਜਿਆ ਨਾਲ ਵਜਦੀ ਹੈ

41. ਪਣਾਹ ਘੋੜੇ ਤੇ ਲੱਦਣ ਵਾਲੇ ਛੋਟੇ ਨਗਾਰੇ

42. ਸ਼ਹਿਨਾਈ ਸ਼ਹਿਨਾਈ

43. ਝਾਂਝ ਝਾਂਝ

44. ਮੁਰਜ ਨਰ ਸਿੰਘਾਂ

45. ਤੁਟਹੀ ਤੁਰਹੀ

46. ਮਯੁਰਜ —

47. ਵੰਸੁਰੀ ਬੰਸਰੀ

48. ਨਰਨਾਲ ਫੋਕੀਆਂ ਨਾਲੀਆਂ ਜਿਹੜੀਆਂ ਵਾਜਿਆਂ ਵਿਚ ਵਰਤੀਆਂ ਜਾਣ

49. ਖ਼ੁਰਦਕਹ ਖੁਰ—ਦਕਹ ਲਕੜਾਂ ਦੀਆਂ ਚੋਟਾਂ ਨਾਲ ਵਜਣ ਵਾਲੇ

50. ਮੁਚੰਗਨ ਡਫਲੀਆਂ

51. ਜਲੀਨ ਕਾਲ ਤਰੰਗ

52. ਖ਼ੁੰਗਾ ਘੁੰਘਰੂ

53. ਗੋਮੁਖ ਤੁਰਹੀ, ਨਰਸਿੰਘਾਂ

54. ਗੰਭੀਰ ਮਖਾਵਜ਼ ਗੰਭੀਰ ਧੁਨੀ ਉਤਪਨ ਕਰਨ ਵਾਲੇ ਵਾਦਕ

55. ਬਾਰ-ਤਰੰਗਨਿ: ਜੰਜੀ ਨਗਾਰੇ

56. ਬਰਜੇ- ਇਕ ਕਿਸਮ ਦਾ ਵਾਜਾ

57. ਦੁੰਦਭਿ ਜੰਗੀ ਨਗਾਰੇ

58. ਬੇਨਖਰੀ ਤੰਤੀ ਸਤਾਰ

59. ਗੈਨਾਰੀ ਨਗਾਰਾ

60. ਸੁਰਾਨੀ (ਸੁਹਾਨੀ) ਬਜੰਤਰ ਸਮੂਹ ਵਾਜਿਆਂ ਦੀ ਸੁਰਾਂ ਦਾ

61. ਢਕੋ (ਢੱਗਾ) ਡੰਕਾ ਜਿਸ ਨਾਲ ਢੋਲ ਵਜਦਾ ਹੈ

62. ਢੋਲਕੀ ਢੋਲਕੀ

63. ਤਬਲਾ ਜੋੜੀ, ਪੂੜਾ ਧਾਮਾਨ

64. ਮੁਰਜ ਢੋਲ

65. ਮੁਚੰਗਨ ਇਕ ਵਾਜੇ ਦੇ ਨਾਮ ਦਾ ਬਹੁਵਚਨ

66. ਤੁੰਦਕ ਢਿੱਡ ਤੇ ਬੰਨਿਆ ਹੋਇਆ ਢੋਲ ਜਾਂ ਨਗਾਰਾ ਛੋਟਾ

67. ਦੈ ਦੈ ਨਿਸ਼ਾਨ ਨਗਾਰਾ

68. ਦੁੰਦਿਭਿ ਨਗਾਰਾ

69. ਮੁਹਵਰ ਇਕ ਵਾਜੇ ਦਾ ਨਾਮ

70. ਡਫ਼ੀਨ ਡੱਫਾਂ

71. ਖੁਰੱਜ ਪਿੰਨਰੋ ਪਿੰਨਰੁ ਇਕ ਵਾਜੇ ਦਾ ਨਾਮ

72. ਘਰਿਰਤ ਨਿਸ਼ਾਨਦੀਹ ਵੱਡੇ ਨਗਾਰੇ

73. ਧੌਂਸਾ ਧਮਾਮ ਧਮਾਕੇ ਵਾਲੇ ਧੌਸੇ

74. ਖੁੰਜਰਿ ਇਕ ਪ੍ਰਕਾਰ ਦਾ ਵਾਜਾ

75. ਢੋਲ ਮਾਰੂ ਢੱਕ ਚੋਬਾਂ ਵਾਲੇ ਨਗਾਰੇ

76. ਫ਼ੀਲ ਢੋਲ ਵੱਡੇ ਢੋਲ

77. ਕਾਨੜ ਕਾਨਿਆਂ ਦਾ ਵਾਜਾ

78. ਡੰਕਾ ਕੋਈ ਅਦ੍ਰਿਸਟ ਵਾਜਾ

79. ਡਾਮਰੁ ਡੌਰੂ

80. ਘੰਟਾਂ ਘੰਟਾਂ (ਘੜਿਆਲ)

81. ਭਾਂਭ ਇਕ ਤਰਾਂ ਦਾ ਨਗਾਰਾ

82. ਭੇਰੀ ਨਗਾਰਾ

83. ਦੁੰਦਭਿ ਇਕ ਤਰਾਂ ਦਾ ਵਾਜਾ

84. ਜਲਧਾਰਾ ਜਲ-ਤਰੰਗ

85. ਤੰਬੂਰਾਂ — ਤੂੰਬਾਂ ਇਕਤਾਰਾ ਦੋ ਤਾਰਾ

86. ਖੁਰਦਨ — ਚੋਬ੍ਹਾਂ ਖਾਣ ਵਾਲਾ ਨਗਾਰਾ

87. ਗੋਮੁਖਨ — ਨਰ ਸਿੰਘਾਂ

88. ਝਾਲ — ਛੈਣਿਆਂ ਦੀ ਲੜੀ ਪਰੋਈ ਹੋਈ

89. ਮੁਰਜ਼ — ਮ੍ਰਿਦੰਗ

90. ਮਹੁਵਰ — ਇਕ ਵਾਜੇ ਦਾ ਨਾਮ

91. ਨਰਨਾ — ਸਰਨਾਈ

92. ਡਾਮਰੀ — ਡਵਰੂ

93. ਢੱਢ — ਢੱਢ

94. ਦਮਾਮ — ਨਾਗਰਾ

95. ਕੋਸ — ਨਗਾਰਾ

96. ਲਾਫੀਰੀਨ — ਤੁਰਹੀਆਂ

97. ਡੀਨ-ਛਲ — ਡੀਨ ਤੇ ਛਲ ਨਾਮ ਦੇ ਵਾਜੇ

98. ਢੰਗਲ — ਨਗਾਰਾ ਚੋਬਾਂ

99. ਧਮਾਨ — ਇਕ ਵਾਜਾ ਜੋ ਧਮਕ ਪ੍ਰਗਟ ਕਰੇ

100. ਮਦਨ ਗਾਨ — ਸਮੂਹਨ ਵਾਜੇ

101. ਪਦਮਨਾਦੀ — ਵਾਜਿਆਂ ਵਾਲੇ

102. ਪ੍ਰਬਲ — ਭਾਰੀ ਨਗਾਰਾ

103. ਅਸ਼ਪੀ — ਘੋੜਿਆਂ ਵਾਲੇ ਨਗਾਰੇ ਵਾਜੇ

104. ਸੁਤਰੀ — ਊਠਾਂ ਵਾਜੇ " "

105. ਪੀਲੀ — ਹਾਥੀ " "

106. ਖਰਚਾਮਿ — ਘੋੜਿਆਂ ਦੀਆਂ ਖੱਲਾਂ ਨਾਲ ਤਿਆਰ ਕੀਤੇ ਧੋਸੇ ਨਗਾਰੇ ਆਦਿ

107. ਘੁੰਘਰੁ ਚਵਲਰੀਆ — ਹਾਰਾਂ ਵਾਲੇ ਘੁੰਘਰੁ

108. ਸਦ ਦੀਹ ਦੇਰ — ਵੱਡੀ ਆਵਾਜ ਵਾਲੇ ਸਾਜ਼

109. ਝਾਂਝ — ਕੈਸੀਆਂ (ਖੰਜਰੀ)

110. ਪਣਵ — ਢੋਲਕ

111. ਸੂਰ — ਫੂਕ ਨਾਲ ਵਜਾਉਣ ਵਾਲੇ ਸਾਜ਼

112. ਬਾਯ, ਬਾਯ — ਵੱਡਾ ਵਾਜਾ

113. ਮੁਚੰਗ: — ਇਕ ਵਾਜੇ ਦਾ ਨਾਮ

114. ਬੰਸੀਨਾਯ — ਤੁਰਹੀ

115. ਬਜੰਤ੍ਰ ਪੰਜਾਲ — ਕਾਂਸੀ ਦੀ ਧਾਤ ਦੇ ਪੰਜ ਪ੍ਰਕਾਰ ਦੇ ਸਾਜ਼ (ਵਾਜੇ)

116. ਧਵੱਸਾ — ਧੋਸਾਂ

117. ਨਾਯ — ਸਰਨਾਈ

118. ਨਾਦ ਬਿਸੰਖ — ਬਹੁਤ ਸੰਖ

119. ਦੋ-ਬੰਬ — ਨਗਾਰਾ

120. ਝੱਲ — ਇਕ ਪ੍ਰਕਾਰ ਦੇ ਵਾਜੇ ਦਾ ਨਾਮ

121. ਕਰਤਾਲ — ਖੜਤਾਲਾਂ

122. ਮੁਹਵਰ: — ਇਕ ਵਾਜੇ ਦਾ ਨਾਮ

123. ਤੁੰਬਰੀ — ਤੁੰਬੇ ਵਾਲੇ ਸਾਜ਼

124. ਸ਼ਹਿਨਾਈ — ਸ਼ਹਿਨਾਈ

125. ਚਿਮਟਾ — ਚਿਮਟਾ

126. ਨੌਗੌਜੇ — ਨੌਗੌਜੇ

127. ਮਸਕੀਬੀਨ — ਮਸ਼ਕਬੀਨ

128. ਚਮੂ — ਨਗਾਰਾ

129. ਕੋਟਿ ਨਾਇ — ਸਰਾਨਾਇ (ਬੰਸਰੀ)

130. ਬੀਨਾ ਬੇਨੁ — ਬਾਂਸ ਦੁਆਰਾ ਰਚਿਤ

131. ਬੀਨਾ ਬੇਨੁ — ਤੰਤੀ ਵੀਣਾ ਆਦਿਕ

★